ੴ ਵਾਹਿਗੁਰੂ ਜੀ ਕੀ ਫ਼ਤਹ

ਮਾਸਿਕ ਪੱਤਰ

# ਸੂਰਾ

ਲੁਧਿਆਣਾ

ਸਤੰਬਰ 2000

SURA Monthly LUDHIANA



## ਗੁ: ਅੰਬ ਸਾਹਿਬ ਫੇਜ਼ 8 ਮੋਹਾਲੀ

ਇਸ ਇਤਿਹਾਸਿਕ ਅਸਥਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਉਤਸਵ ਸਬੰਧੀ ਸਮੂਹ ਅਖੰਡ ਕੀਰਤਨੀ ਜੱਥਿਆਂ ਵੱਲੋਂ 30 ਅਗਸਤ ਤੋਂ 3 ਸਤੰਬਰ ਤੱਕ ਕੀਰਤਨ ਸਮਾਗਮ ਕਰਵਾਏ ਜਾ ਰਹੇ ਹਨ, ਵੇਰਵਾ ਅੰਦਰ ਦੇਖੋ ਜੀ।

www.AKJ.Org

## ਗੁਰਮੁਖੀ ਰੂਹ ਸਨ ਭਾਈ ਸਾਹਿਬ ਪ੍ਰੋ: ਹਰਬੰਸ ਸਿੰਘ ਜੀ ਲੁਧਿਆਣਾ



ਵਿਰਲੇ ਜਨ ਹੀ ਅਜਿਹੇ ਹੁੰਦੇ ਹਨ ਜੋ ਸੰਸਾਰਕ ਅਤੇ ਪ੍ਰਮਾਰਥਕ ਦੋਹਾ ਖੇਤਰਾਂ ਵਿਚ ਹੀ ਚੰਗਾ ਨਾ ਬਣਾ ਕੇ ਇਸ ਦੁਨੀਆਂ ਵਿਚ ਵਿਚਰਦੇ ਹਨ ਅਤੇ ਆਪਣੇ ਨੇਕ ਕੰਮਾ ਨਾਲ ਲੋਕਾ ਦੇ ਦਿਲਾ ਵਿਚ ਅਜਿਹੀ ਥਾ ਬਣਾ ਲੈਂਦੇ ਹਨ ਕਿ ਉਨ੍ਹਾ ਦੇ ਇਸ ਸੰਸਾਰ ਵਿਚੋਂ ਕੂਚ ਕਰ ਜਾਣ ਤੋਂ ਬਾਅਦ ਵੀ ਲੰਮੇ ਸਮੇਂ ਤੱਕ ਉਨ੍ਹਾ ਦੀ ਹੋਂਦ ਦਾ ਪਰਛਾਵਾ ਉਨ੍ਹਾਂ ਦੇ ਮਿਲਣ ਵਾਲਿਆ ਦੇ ਦਿਲਾਂ ਉਤੇ ਛਾਇਆ ਰਹਿੰਦਾ ਹੈ।

ਅਜਿਹੀ ਹੀ ਇਕ ਗੁਰਮੁਖੀ ਸਖਸ਼ੀਅਤ ਸਨ ਭਾਈ ਸਾਹਿਬ ਪ੍ਰੋ: ਹਰਬੰਸ ਸਿੰਘ ਜੀ ਲੁਧਿਆਣਾ। ਆਪ ਜੀ ਦਾ ਜਨਮ ੨ ਸਤੰਬਰ 1930 ਈ ਨੂੰ ਹੋਇਆ। 1971 ਵਿਚ ਆਪ ਜੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰੂ ਵਾਲੇ ਬਣੇ। ਆਪ ਜੀ ਉਚ ਕੋਟੀ ਦੇ ਗੁਰਮਤਿ ਦੇ ਵਿਆਖਿਆਕਾਰ ਅਤੇ ਵਿਦਵਾਨ ਸਨ। ਜਦੋਂ ਤੋਂ 'ਸੂਰਾ' ਮਾਸਿਕ ਪੱਤਰ ਛਪਣਾ ਸ਼ੁਰੂ ਹੋਇਆ ਉਦੋਂ ਤੋਂ ਹੀ ਆਪ ਜੀ ਦੇ ਗੁਰਮਤਿ ਪ੍ਰਚਾਰ ਦੇ ਖੋਜ ਭਰਪੂਰ ਲੇਖ ਇਸ ਪੱਤਰ ਵਿਚ ਛਪਦੇ ਰਹੇ। 1994 ਵਿਚ ਜਦੋਂ ਸੂਰਾ ਲੁਧਿਆਣਾ ਤੋਂ ਛਪਣਾ ਸ਼ੁਰੂ ਹੋਇਆ ਤਾ ਉਦੋਂ ਤੋਂ ਹੀ ਆਪ ਆਪਣੇ ਕੀਮਤੀ ਸਮੇਂ ਵਿਚੋਂ ਵੱਧ ਤੋਂ ਵੱਧ ਸਮਾ ਦੇ ਕੇ ਇਸ ਦੀ ਸੰਪਾਦਨਾ ਅਤੇ ਹੋਰ ਪ੍ਰਬੰਧ ਵਿਚ ਪੂਰੀ ਤਨਦੇਹੀ ਨਾਲ ਸਹਿਯੋਗ ਦਿੰਦੇ ਰਹੇ। ਸੂਰਾ ਤੋਂ ਇਲਾਵਾ ਹੋਰ ਮਾਸਿਕ ਪੱਤਰ ਗੁਰਮਤਿ ਰਹਿਣੀ ਅਤੇ ਸਿੱਖ ਫੁਲਵਾੜੀ ਨੂੰ ਚਲਾਉਣ ਵਿਚ ਵੀ ਆਪ ਜੀ ਦੀ ਵਿਸ਼ੇਸ਼ ਭੂਮਿਕਾ ਰਹੀ।

ਆਪ ਜੀ ਬੜੇ ਮਿਠ ਬੋਲੜੇ ਅਤੇ ਨਿਮਰ ਸੁਭਾਅ ਦੇ ਮਾਲਕ ਸਨ ਧਰਮ ਪ੍ਰਚਾਰ ਦੇ ਖੇਤਰ ਵਿਚ ਚੰਗਾ ਸਥਾਨ ਬਣਾਉਣ ਤੋਂ ਇਲਾਵਾ ਆਪ ਜੀ ਨੇ ਦੁਨਿਆਵੀ ਵਿਦਿਆ ਦੇ ਪ੍ਰਚਾਰ ਵਿਚ ਵੀ ਚੰਗਾ ਨਾਮਣਾ ਖੱਟਿਆ। ਆਪਣੇ ਦਸਵੀਂ ਪਾਸ ਕਰਨ ਤੋਂ ਬਾਅਦ ਆਪਣੇ EME ਵਰਕਸ਼ਾਪ ਵਿਚ ਨੌਕਰੀ ਕਰਨ ਦੇ ਨਾਲ ਨਾਲ ਹੀ ਐਮ. ਏ. ਪੰਜਾਬੀ ਅਤੇ ਗਿਲਡਜ਼ ਆਫ ਲੰਡਨ ਯੂਨੀਵਰਸਿਟੀ ਤੋਂ ਆਟੋ ਮੋਬਾਈਲ ਦੀ ਡਿਗਰੀ ਪ੍ਰਾਪਤ ਕੀਤੀ। 1958 ਵਿਚ ਆਪ ਚੰਡੀਗੜ੍ਹ ਲੈਕਚਰਾਰ ਦੀ ਪੋਸਟ ਤੇ ਨਿਯੁਕਤ ਹੋਏ ਤੇ 1965 ਵਿਚ ਆਪ ਗੁਰੂ ਨਾਨਕ ਦੇਵ ਇੰਜਨੀਅਰਿੰਗ ਕਾਲਜ ਲੁਧਿਆਣਾ ਦੇ ਹੈਡ ਆਫ ਡੀਪਾਰਟਮੈਂਟ (ਆਟੋ ਮੋਬਾਇਲ) ਨਿਯੁਕਤ ਹੋਏ। ਇਥੋਂ ਆਪ 1993 ਵਿਚ ਸੇਵਾ ਮੁਕਤ ਹੋਏ। ਆਪ ਜੀ ਦੀ ਲਿਖੀ ਹੋਈ ਆਟੋ ਮੋਬਾਇਲ ਇੰਜਨੀਅਰਿੰਗ ਦੀ ਅੰਗ੍ਰੇਜ਼ੀ ਵਿਚ ਛਪੀ ਕਿਤਾਬ ਨੂੰ ਦੇਸ਼ ਵਿਦੇਸ਼ ਵਿਚ ਬਹੁਤ ਸਾਲਾਹਿਆ ਗਿਆ ਅਤੇ ਇੰਜਨੀਅਰਿੰਗ ਕੋਰਸ ਵਿਚ ਇਸ ਨੂੰ ਸ਼ਾਮਿਲ ਕੀਤਾ ਗਿਆ। ਇਸ ਤੋਂ ਇਲਾਵਾ ਆਪ ਜੀ ਦੀਆ Auto Mobile ਦੀਆ ਦੋ ਹੋਰ ਟੈਕਸਟ ਬੁਕ ਛਪੀਆ: ਆਪ ਜੀ ਦੇ ਵਿਦਿਆਰਥੀਆ ਉੱਤੇ ਆਪ ਜੀ ਦੀ ਸਖਸ਼ੀਅਤ ਦਾ ਡੂੰਘਾ ਅਸਰ ਪੈਂਦਾ ਸੀ।

ਪ੍ਰੋ: ਸਾਹਿਬ ਦਾ ਸਾਰਾ ਜੀਵਨ ਗੁਰਮਤਿ ਵਿਚਾਰਧਾਰਾ ਵਿਚ ਰੰਗਿਆ ਹੋਇਆ ਸੀ। ਆਖਰੀ ਸਮੇਂ ਤੱਕ ਵੀ ਆਪ ਜੀ ਨੇ ਆਪਣਾ ਨਿਤਨੇਮ, ਅੰਮ੍ਰਿਤ ਵੇਲੇ ਦੀ ਸੰਭਾਲ ਤੇ ਕਹਿਣੀ ਕਰਨੀ ਤੇ ਗੁਰਮਤਿ ਦਾ ਪਹਿਰਾ ਪ੍ਰਪੱਕਤਾ ਨਾਲ ਨਿਭਾਇਆ।

ਅੰਤ ਅਕਾਲ ਪੁਰਖ ਦੇ ਅਟੱਲ ਹੁਕਮ 'ਜੋ ਆਇਆ ਸੋ ਚਲਸੀ, ਸਭ ਕੋ ਆਈ ਵਾਰੀਐ' ਅਨੁਸਾਰ ਇਹ ਗੁਰਮੁਖੀ ਰੂਹ 70 ਸਾਲਾ ਦਾ ਸਲਾਘਾਯੋਗ ਜੀਵਨ ਪੰਧ ਬਿਤਾ ਕੇ 6 ਅਗਸਤ ੨੦੦੦ ਅੰਮ੍ਰਿਤ ਵੇਲੇ ੨ ਕੁ ਵਜੇ ਗੁਰੂ ਚਰਨਾ ਵਿਚ ਜਾ ਬਿਰਾਜੀ। ਉਨ੍ਹਾ ਦੀਆ ਜੀਵਨ ਯਾਦਾਂ ਸਮੂਹ ਗੁਰੂ ਪਿਆਰਿਆ ਲਈ ਹਮੇਸ਼ਾ ਰੋਸ਼ਨੀ ਬਿਖੇਰਦੀਆ ਰਹਿਣਗੀਆ।

---

**ਪਿੰਡ ਵੜਿੰਗ ਸੂਬਾ ਸਿੰਘ (ਨਜ਼ਦੀਕ ਖਡੂਰ ਸਾਹਿਬ) ਵਿਖੇ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ**

ਭਾਈ ਹਰਦੀਪ ਸਿੰਘ ਦੇ ਗ੍ਰਹਿ ੨੪ ਸਤੰਬਰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪ੍ਰੰਤ ਦੁਪਹਿਰ ਤੱਕ ਕੀਰਤਨ ਅਖਾੜੇ ਸਜਣਗੇ

**ਗੁ: ਬਿਬੇਕਸਰ ਸਾਹਿਬ ਅੰਮ੍ਰਿਤਸਰ ਵਿਖੇ ਮਾਸਿਕ ਰੈਣਿ ਸਬਾਈ ਕੀਰਤਨ 30 ਸਤੰਬਰ ਰਾਤ ਨੂੰ**

**ਪਿੰਡ ਜਲੋਵਾਲ ਨੇੜੇ ਕਾਲਾ ਸੰਘਾ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ**

ਭਾਈ ਜਸਵੰਤ ਸਿੰਘ ਜੀ ਦੇ ਗ੍ਰਹਿ ਵਿਖੇ 8 ਅਕਤੂਬਰ ਐਤਵਾਰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪ੍ਰੰਤ ਦੁਪਹਿਰ ਤੱਕ ਕੀਰਤਨ ਅਖਾੜੇ ਸਜਣਗੇ।

**ਪਟਿਆਲਾ ਵਿਖੇ ਰੈਣਿ ਸਬਾਈ ਕੀਰਤਨ**

ਭਾਈ ਨਰਿੰਦਰ ਸਿੰਘ ਦੇ ਗ੍ਰਹਿ 54 ਪੀ. ਨਜਦੀਕ ਆਲੀਸ਼ਾਨ ਪੀਰ ਰਾਜਪੁਰਾ ਕਲੋਨੀ ਪਟਿਆਲਾ ਵਿਖੇ 14 ਅਕਤੂਬਰ ਰਾਤ ਨੂੰ ਰੈਣਿ ਸਬਾਈ ਕੀਰਤਨ ਹੋਣਗੇ। ਦਰਸ਼ਨ ਦੇ ਕੇ ਨਿਵਾਜੋ ਜੀ।

**ਪਿੰਡ ਮੱਲ੍ਹੀਆਂ (ਅੰਮ੍ਰਿਤਸਰ) ਵਿਖੇ ਸ੍ਰੀ ਅਖੰਡ ਪਾਠ ਅਤੇ ਕੀਰਤਨ**

ਭਾਈ ਅਵਤਾਰ ਸਿੰਘ ਜੀ ਦੇ ਗ੍ਰਹਿ ਵਿਖੇ 15 ਅਕਤੂਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਦੁਪਹਿਰ ਤੱਕ ਕੀਰਤਨ ਅਖਾੜੇ ਸਜਣਗੇ।

**ਫਗਵਾੜਾ ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ**

ਗੁ: ਸੁਖਚੈਨਆਣਾ ਸਾਹਿਬ (ਪਾ: ੬) ਬੰਗਾ ਰੋਡ ਨੇੜੇ ਬਿਜਲੀ ਦਫਤਰ ਵਿਖੇ ੨੧ ਅਕਤੂਬਰ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

# ਸੂਰਾ

## ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

*** Read SURA at Internet : www.surainternational.com ***

ਜਿਲਦ ੩੪ ਸਤੰਬਰ ੨੦੦੦ ਅੰਕ ੯

### ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਜੋਤੀ ਜੋਤ ਗੁਰੂ ਰਾਮਦਾਸ ਜੀ | ੧ ਸਤੰਬਰ |
| ਬਾਬੇ ਦਾ ਵਿਆਹ (ਬਟਾਲਾ) | ੫ ਸਤੰਬਰ |
| ਗੁਰਿਆਈ ਗੁਰੂ ਰਾਮਦਾਸ ਜੀ | ੧੧ ਸਤੰਬਰ |
| ਗੁਰਿਆਈ ਗੁਰੂ ਅੰਗਦ ਦੇਵ ਜੀ | ੧੮ ਸਤੰਬਰ |
| ਜੋਤੀ ਜੋਤ ਗੁਰੂ ਨਾਨਕ ਦੇਵ ਜੀ | ੨੩ ਸਤੰਬਰ |
| ਜੋਤੀ ਜੋਤ ਗੁਰੂ ਅਮਰਦਾਸ ਜੀ | ੧੩ ਸਤੰਬਰ |
| ਜਨਮ ਸਾਹਿਰਜ਼ਾਦਾ ਜੁਝਾਰ ਸਿੰਘ ਜੀ | ੨੯ ਸਤੰਬਰ |

### ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ ਸਾਲਾਨਾ | | 40 ਰੁ: |
| ਅਮਾਨਤੀ ਲਾਈਫ਼ ਮੈਂਬਰ | | 400ਰੁ: |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140ਰੁ: | 400ਰੁ: |
| ਅਮਾਨਤੀ ਲਾਈਫ਼ ਮੈਂਬਰ | 1400ਰੁ: | 4000ਰੁ: |

### ਚੰਦਾ ਭੇਜਣ ਦਾ ਪਤਾ

ਸੂਰਾ ਮਾਸਿਕ ਪੱਤਰ ਗੁ: ਸਿੰਘ ਸਭਾ
ਮਾਡਲ ਟਾਊਨ, ਲੁਧਿਆਣਾ-141002
Tel : 0161-428194
Fax : 0161-536340, 532147

ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ (ਇੰਡੀਆ)
ਡੀ-੯੩, ਬਲਾਕ-੧੦, ਪਾਹਵਾ ਰੋਡ, ਲੁਧਿਆਣਾ 141 003

## ਤਤਕਰਾ

○ ਅਕਾਲੀ ਕੌਰ ਸਿੰਘ ਜੀ........ ੨
○ ਸਾਂਝੀਵਾਲਤਾ ਦੇ ਸਾਗਰ........ ੭
○ ਇੱਕ ਗੁਰਮੁਖ ਮਾਈ........ ੧੧
○ ਕਿੱਥੇ ਹੈ ਅੱਜ ਉਹ ਖਾਲਸਾ........ ੧੩
○ ਸਤੰਬਰ ਮਹੀਨੇ ਦੀਆਂ ਇਤਿਹਾਸਕ ਘਟਨਾਵਾਂ........ ੧੬
○ Guru Granth Sahib........ ੧੮
○ ਅਮੋਲਕ ਵਿਚਾਰ........ ੨੧
○ ਕਿਵੇਂ ਜੀਵੀਏ ਜੀਵਨ........ ੨੪
○ ਸਲੋਕ ਭਗਤ ਕਬੀਰ ਜੀਉ ਕੇ (Translation)........ ੨੭
○ ਗੁਰਮਤਿ ਕਰਮ ਫਿਲਾਸਫੀ........ ੨੮
○ ਸਮੂਹ ਪੰਥ ਦਰਦੀਆ ਨੂੰ ਅਪੀਲ........ ੩੧
○ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾਂ ਦੀ ਪੁਸਤਕ ਵਿਚੋਂ ਕੁੱਝ ਚੋਣਵੇਂ ਅੰਸ਼........ ੩੧
○ ਆਉਣ ਵਾਲੇ ਕੀਰਤਨ ਸਮਾਗਮ........

ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।



www.AKJ.Org

# ਸ੍ਰੀ ਮਾਨ ਅਕਾਲੀ ਕੌਰ ਸਿੰਘ ਜੀ

(ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ)

*ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਤੇ ਅਕਾਲੀ ਕੌਰ ਸਿੰਘ ਜੀ ਦਾ ਕੁਝ ਅਸੂਲੀ ਵਖਰੇਵਿਆਂ ਦੇ ਬਾਵਜੂਦ ਆਪਸ ਵਿਚ ਕਿੰਨਾ ਪਿਆਰ ਸਤਿਕਾਰ ਸੀ। ਇਹ ਕੁਝ ਭਾਈ ਸਾਹਿਬ ਜੀ ਵੱਲੋਂ ਹੇਠ ਲਿਖੇ ਲੇਖ ਵਿਚੋਂ ਸਪੱਸ਼ਟ ਹੁੰਦਾ ਹੈ ਸਿਆਸੀ ਆਗੂਆਂ ਦੀ ਤਾਂ ਗੱਲ ਛੱਡੋ, ਕੀ ਗੁਰਮਤਿ ਮਾਰਗ ਦੇ ਪਾਂਧੀ ਸਿਖ ਜਥੇਬੰਦੀਆਂ (ਖਾਸ ਤੌਰ ਤੇ ਅਖੰਡ ਕੀਰਤਨੀ ਜੱਥੇ) ਦੇ ਆਗੂ ਇਸ ਲੇਖ ਤੋਂ ਕੁਝ ਸੇਧ ਲੈਣਗੇ (ਸੰਪਾਦਕ)*

ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ । ਹੰਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥(੨੩)

## (ਆਹ ਮੇਰਾ ਰੰਗਲਾ ਸਾਜਣ ਅਕਾਲੀ ਕੌਰ ਸਿੰਘ)

ਇਸ ਪਿਆਰੇ ਸਾਜਨੜੇ ਦੇ ਪਹਿਲੇ ਰੰਗੀਲੇ ਦਰਸ਼ਨ ਮੈਨੂੰ ੧੯੦੭ ਵਿਚ ਖਾਲਸਾ ਕਾਲਜ (ਅੰਮ੍ਰਿਤਸਰ) ਦੇ ਗੁਰਦੁਆਰੇ ਦੇ ਬਾਹਰਵਾਰ ਲਗੇ ਰਹਿਰਾਸ ਸਾਹਿਬ ਦੇ ਦੀਵਾਨ ਵਿਚ ਹੋਏ, ਜਦੋਂ ਕਿ ਮੈਂ ਉਥੇ ਸੁਪਰੰਟੈਂਡੰਟ ਲੱਗਾ ਹੋਇਆ ਸੀ। ਰਹਿਰਾਸ ਸਾਹਿਬ ਦੇ ਪਾਠ ਦੀ ਅਰਦਾਸ ਪਿਛੋਂ ਯਕਾ ਯਕ ਇਕ ਅਨੂਪਮ ਨੌਜਵਾਨ ਵਿਅਕਤੀ ਅਕਾਲੀ ਵੇਸ ਵਿਚ ਉਠ ਕੇ ਭਾਸ਼ਨ ਦੇਣ ਲਗ ਪਿਆ। ਭਾਸ਼ਨ ਦੇ ਅਰੰਭ ਤੋਂ ਹੀ ਇਸ ਵਿਅਕਤੀ ਦੇ ਮੁਖਾਰਬਿੰਦ ਤੋਂ ਜੋ ਕੁਛ ਨਿਕਲਣਾ ਅਰੰਭ ਹੋਇਆ, ਉਹ ਇਕ ਅਜ ਗੈਬੀ ਇਬਾਰਤ ਵਿਚ ਸੁਤੇ ਸੁਫੁਟ ਹੋਈ ਫੁਲਝੜੀ ਦੀ ਨਿਆਈ ਸੀ। ਇਕ ਇਕ ਲਫਜ ਗੁਰਮਤਿ ਦੇ ਪੂਰਨ ਅੰਦਾਜ਼ ਵਿਚ ਗੁੰਦਿਆ ਹੋਇਆ ਕ੍ਰਿਸ਼ਮਾਂ ਸੀ। ਸਰੋਤੇ ਜਨ ਸੁਣਨ ਸਾਰ ਹੀ ਚਕ੍ਰਿਤ ਰਹਿ ਗਏ। ਮੇਰੀ ਭਾਸ਼ਨ ਵਿਚ ਸੁਰਤੀ ਬਿਰਤੀ ਬਿਮੋਹਤ ਹੋ ਗਈ। ਉਸ ਤੋਂ ਪਹਿਲਾਂ ਮੈਨੂੰ ਕਦੇ ਭੀ ਕਿਸੇ ਦਾ ਭਾਸ਼ਨ ਚੰਗਾ ਨਹੀਂ ਸੀ ਲਗਾ, ਜਾਂ ਉਠ ਕੇ ਚਲੇ ਜਾਣਾ, ਜਾ ਲੈਕਚਰ ਕਰਨ ਹਾਰੇ ਨੂੰ ਹਟਾ ਦੇਣਾ, ਮੇਰੀ ਜੁਰਅਤ ਨਾ ਪੈ ਸਕੀ ਕਿ ਦੋਹਾਂ ਵਿਚੋਂ ਕੋਈ ਹਰਕਤ ਕਰ ਸਕਾਂ ਜਦੋਂ ਪਰਤ ਕੇ ਉਸ ਦੇ ਚੇਹਰੇ ਵਲ ਦੇਖਿਆ ਤਾਂ ਹੋਰ ਭੀ ਦੰਗ ਰਹਿ ਗਿਆ। ਸਮੁੱਚੀ ਦੀ ਸਮੁੱਚੀ ਸੰਗਤ ਹੀ ਉਸ ਵਲ ਦੇਖ ਪੇਖ ਕੇ ਜਜ਼ਬੁਲ ਮਸਤ ਹੋ ਗਈ। ਉਸ ਦਾ ਗੋਰਾ ਸ਼ੋਹ ਚਿਹਰਾ ਨਰਗਸੀ ਮਸਤੀਲੀਆਂ ਅਖੀਆਂ, ਸੁੰਦਰੀਲਾ ਸੁਰਮਈ ਵੇਸ, ਕਾਲੇ ਕੇਸਾਂ ਦੀ ਲੁਈ, ਜੇਹੀ ਸੁੰਦਰ ਮੁਖਾਰਬਿੰਦ ਦੇ ਦੁਆਲੇ ਸਫੁਟ ਹੋਈ ਵੀ ਸਚ ਮੁਚ ਉਸ ਨੂੰ ਅਰਸ਼ੋਂ ਉਤਰੀ ਹੋਈ ਵਿਅਕਤੀ ਸਾਬਤ ਕਰਦੀ ਸੀ, ਇਕੋ ਅੰਦਾਜ਼ ਵਿਚ ਬਗੈਰ ਕਿਸੇ ਹਰਕਤ ਇਕ ਪੁਤਲੀ ਦੀ ਨਿਆਈ ਪੰਦਰ੍ਹਾਂ ਮਿੰਟ ਬਰਾਬਰ ਉਕਤ ਦਿਬ ਵਿਅਕਤੀ ਮੁਖੋਂ ਭਾਸ਼ਨ ਨਿਛਾਵਰ ਕਰਦੀ ਰਹੀ। ਅਚਾਨਕ ਹੀ ਭਾਸ਼ਨ ਸਮਾਪਤ ਕਰਕੇ ਅਚਾਨਕ ਹੀ ਗਾਇਬ ਹੋ ਗਈ ਤੇ ਸਭ ਨੂੰ ਚਕ੍ਰਿਤ ਕਰਕੇ ਚਲੀ ਗਈ। ਸਭਨਾਂ ਦੇ ਮੂੰਹਾਂ ਤੋਂ ਉਸ ਵੇਲੇ ਚਿਹ ਮੇ ਗੋਈਆਂ ਹੋਣ ਲਗ ਪਈਆਂ। ਤਰ੍ਹਾ ਤਰ੍ਹਾਂ ਦੇ ਰੀਮਾਰਕ ਹੋਣ ਲਗ ਪਏ। ਦਰਸ ਪਰੇਮੀਆਂ ਨੇ ਸਮਝਿਆ, ਕਿ ਏਹ ਕੋਈ ਗੁਰੂ ਕਾ ਲਾਲ ਨਵੀਨ ਪ੍ਰਗਟ ਹੋਇਆ ਹੈ ਜੋ ਸਭ ਨੂੰ ਬਿਸਮਾਦ ਕਰਕੇ ਗੈਬੋਂ ਹੀ ਆਇਆ ਅਤੇ ਗੁਪਤੋਂ ਗੁਪਤ ਹੀ ਚਲਦਾ ਲਗਾ। ਪਰੰਤੂ ਕਾਲਜ ਦੇ ਮਨਚਲੇ ਪੜ੍ਹਾਕੂ ਸਾਰੇ ਏਹੀ ਤਲਾਸ਼ ਕਰਨ, ਕਈਆ ਨੇ ਤਾਂ ਉਸਨੂੰ ਮਾਰਨ ਕੁਟਣ ਦੀ ਹੀ ਠਾਣ ਲਈ, ਮੈਂ ਉਨ੍ਹਾਂ ਨੂੰ ਬਥੇਰਾ ਸਮਝਾਇਆ ਕਿ ਐਸਾ ਮਤ ਕਰੋ। ਗੁਰੂ ਕੇ ਗੁਰਮੁਖ ਲਾਲ ਪ੍ਰਤੀ ਐਸਾ ਚਿਤਵਣਾਹੀ ਮਹਾਂ ਪਾਪ ਹੈ। ਖੈਰ, ਉਕਤ ਉਡਣ ਪੰਖੇਰੂ ਨਾ ਉਹਨਾਂ ਨੂੰ ਲਭਾ ਨਾ ਹੀ ਦਰਸ ਚਾਹਵਾਨ ਰੂਹੜੀਆਂ ਨੂੰ ਉਹ ਵਿਅਕਤੀ ਮੁੜ ਨਮੂਦਾਰ ਹੋਈ। ਜਿਤ ਵਿਚ ਲਾਲਸਾ ਭਰੀ ਤਾਂਘ ਏਹ ਲਗੀ ਰਹੀ ਕਿ ਜਦੋਂ ਉਸਨੂੰ ਫੇਰ ਦੇਖੀਏ ਤੇ ਉਸ ਨਾਲ ਗੋਸਟ ਕਰੀਏ। ਏਹ ਭੀ ਇਕ ਅਚੰਭਾ ਸੀ, ਕਿ ਏਹ ਵਿਅਕਤੀ ਕੌਣ ਹੋਈ। ਤਿਸ ਪਰ ਇਕ ਦਾਨੇ ਬੀਨੇ ਸਿਖ ਨੇ ਦਸਿਆ ਕਿ ਏਹ ਅਕਾਲੀ ਫੂਲਾ ਕੌਰ ਸਿੰਘ ਹੈ। ਇਸ ਤੋਂ ਧਸ ਉਸ ਪਾਸੋਂ ਹੋਰ ਕੁਛ ਪਤਾ ਨਾ ਲਗਾ। ਹਿਰਦੇ ਨੂੰ ਵੇਚ ਕੇ ਚਲਾ ਗਿਆ। ਪਰ ਤਿਸੇ ਦੇ ਮਿਲਣ ਦੀ ਇਛਾ ਹਿਰਦੇ ਅੰਦਰ ਵਸ ਰਸ ਗਈ। ਕੁਦਰਤ ਐਸੀ ਹੋਈ ਕਿ ਦੂਜੇ ਦਿਨ ਹੀ ਮੈਨੂੰ ਪਟਿਆਲੇ ਜਾਣ ਦਾ ਅਵਸਰ ਮਿਲਿਆ। ਪਟਿਆਲੇ ਜਾ ਕੇ ਅਸੀਂ ਗੁਰਮੁਖ ਪਿਆਰੇ ਗੁਰਪੁਰਨਿਵਾਸੀ ਭਾਈ ਜੋਗਿੰਦਰ ਸਿੰਘ ਜੀ ਦੇ ਡੇਰੇ ਜਾ ਉਤਾਰੇ ਤਾਂ ਅਗੋ ਉਹ ਅਜੇ ਬਾਹਰ ਆ ਹੀ ਰਹੇ ਸਨ, ਆਉਂਦੇ ਹੀ ਉਨ੍ਹਾਂ ਜਿਕਰ ਕੀਤਾ ਕਿ ਅਜ ਇਕ ਨਵਲ ਨਿਹੰਗ ਅਕਾਲੀ ਦੇ ਦਰਸ਼ਨ ਹੋਏ ਹਨ। ਮੈਂ ਹੁਣੇ ਹੀ ਨਿਹਾਲ ਨਿਹਾਲ ਹੋ ਕੇ ਆਇਆਂ ਹਾਂ ਇਕ ਗੁਰਮੁਖ ਪਿਆਰੇ ਦੇ ਗ੍ਰਹਿ ਵਿਖੇ ਉਨ੍ਹਾਂ ਦਾ ਉਤਾਰਾ ਹੈ ਭਾਈ



www.AKJ.Org

ਜੋਗਿੰਦਰ ਸਿੰਘ ਜੀ ਮੈਨੂੰ ਉਦੋਂ ਹੀ ਉਸ ਗ੍ਰਹਿ ਵਿਖੇ ਲੈ ਵੰਞੇ। ਏਹ ਦੂਜੀ ਗੁਰਮੁਖ ਝਾਕੀ ਸੀ। ਝਾਤ ਦੁਆਰਾ ਹੀ ਸੈਨਤ ਨਾਲ ਬਾਤ ਚੀਤ ਹੋਈ। ਮੁਖੋਂ ਕਿਸੇ ਨੂੰ ਕੁਝ ਨਹੀਂ ਅਲਾਇਆ। ਏਹ ਖਿਆਲ ਕਰਕੇ ਕਿ ਦੂਜੇ ਦਿਨ ਮੁੜ ਦਰਸ਼ਨ ਮੇਲੇ ਹੋਣਗੇ, ਅਸੀਂ ਉਥੋਂ ਚਲੇ ਆਏ। ਦੂਜੇ ਦਿਨ ਪਤਾ ਲਗਾ ਕਿ ਉਹ ਹਜ਼ੂਰ ਸਾਹਿਬ ਨੇ ਚਲੇ ਗਏ ਹਨ। ਸ਼ਾਇਦ ਏਹ ਹਜ਼ੂਰ ਸਾਹਿਬ ਜਾਣ ਦੀ ਦੂਜੀ ਫੇਰੀ ਸੀ, ਠਾਠ ਬਾਠ ਉਨ੍ਹਾਂ ਦਾ ਉਦੋਂ ਬੜਾ ਅਮੀਰਾਨਾ ਸੀ। ਚਾਹੇ ਸੁਰਮਈ ਰੰਗਦਾ ਬਾਣਾ ਸੀ। ਸਭ ਵਧੀਆ ਰੇਸ਼ਮੀ ਬਣਤਰ ਦਾ, ਸਾਨੂੰ ਉਦੋਂ ਐਸਾ ਪ੍ਰਤੀਤ ਹੋਇਆ ਹੈ। ਜਿਸ ਨੂੰ ਲੇਪ ਛੇਪ ਕੋਈ ਨਹੀਂ। ਤੀਜੀ ਝਾਕੀ ਕਈਆਂ ਸਾਲਾਂ ਪਿਛੋਂ ਸ੍ਰੀ ਅੰਮ੍ਰਿਤਸਰ ਦਰਬਾਰ ਦੀ ਪ੍ਰਕਰਮਾਂ ਵਿਚ ਇਸ ਵਿਅਕਤੀ ਦੀ ਹੋਈ ਪਰ ਚੇਹਰਾ ਬੜਾ ਉਤਾਰੂ ਸੀ, ਰੰਗ ਰੂਪ ਭੀ ਅਗੇ ਵਰਗਾ ਨਹੀਂ ਸੀ, ਚੇਹਰੇ ਉਤੇ ਉਦਾਸੀਨਤਾ ਛਾਈ ਹੋਈ ਸੀ। ਵਾਕਫਕਾਰਾਂ ਪਾਸੋਂ ਪੁਛਣ ਤੇ ਪਤਾ ਲਗਾ ਕਿ ਉਨ੍ਹਾਂ ਉਪਰ ਕਿਸੇ ਦੋਖੀ ਨੇ ਅਣਹੋਈ ਊਜ ਲਾਈ ਹੈ। ਇਸ ਕਰਕੇ ਏਹ ਗ਼ਮਗ਼ੀਨ ਹਨ। ਬੁਸ ਇਤਨਾ ਕਹਿਕੇ ਮੈਂ ਇਨ੍ਹਾਂ ਪਾਸੋਂ ਚਲਦਾ ਹੋਇਆ ਕਿ :-

"ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥"(੮੪) ਤਦ ਪਸਚਾਤ ਬਹੁਤ ਚਿਰੇਕਣੇ ਦਰਸ਼ਨ ਹੋਏ।

## ਚੌਥੀ ਵਾਰ ਦਾ ਮਿਲਾਪ

ਮਈ ੧੯੩੦ ਦਾ ਜ਼ਿਕਰ ਹੈ ਕਿ ਮੈਂ ਨਾਗਪੁਰ ਜੇਲ੍ਹ ਤੋਂ ਰਿਹਾ ਹੋਣ ਲਈ ਲਾਹੌਰ ਜੇਲ੍ਹ ਨੂੰ ਆ ਰਿਹਾ ਸੀ ਕਿ ਅਟਾਰਸੀ ਸਟੇਸ਼ਨ ਪਰ ਜਦੋਂ ਮੈਂ ਹਦਵਾਣੇ ਖਰੀਦਣ ਲਈ ਪਲੇਟ ਫਾਰਮ ਪਰ ਗੱਡੀ ਵਿਚੋਂ ਉਤਰਿਆ ਮੈਨੂੰ ਓਦੋਂ ਹੀ ਪਤਾ ਲੱਗਾ ਕਿ ਮੈਨੂੰ ਘੁਟਕੇ ਜੱਫੀ ਪਾਈ ਹੋਈ ਹੈ, ਬੜੀ ਹੀ ਪਿਆਰ ਮਲ੍ਹਾਰ ਭਰੀ ਜੱਫੀ ਹੈ, ਜਦੋਂ ਮੈਂ ਜੱਫੀ ਪਾਉਣ ਹਾਰੇ ਗੁਰਮੁਖ ਜਨ ਨੂੰ ਪੇਖਿਆ ਤਾਂ ਇਥ ਚਿੱਟੇ ਦਾੜ੍ਹੇ ਵਾਲਾ ਗੁਰਮੁਖ ਅਕਾਲੀ ਬਾਣੇ ਵਿਚ ਮੈਨੂੰ ਐਸੀ ਜਿਕੜ ਨਾਲ ਚਿਮੜਿਆ ਹੋਇਆ ਹੈ ਕਿ ਛਡੇ ਨਾ ਮੈਂ ਆਖਿਆ "ਬੋਲੋ ਤਾਂ ਸਹੀਂ" ਜਦ ਬੋਲੇ ਤਾ ਝਟ ਪਛਾਣ ਆ ਗਈ ਕਿ ਏਹ ਓਹੀ ਅਕਾਲੀ ਕੌਰ ਸਿੰਘ ਹਨ। ਜਿਨ੍ਹਾਂ ਨੇ ਸਾਲਾ ਬੱਧੀ ਮਿਲਣ ਦੀ ਤੜਪ ਪਾਈ ਰਖੀ ਹੈ। ਬਸ, ਫੇਰ ਕੀ ਸੀ, ਫੇਰ ਤਾਂ ਘਿਉ ਖਿਚੜੀ ਹੋ ਗਏ। ਬਹੁਤ ਬਚਨ ਬਿਲਾਸ ਹੋਏ। ਦਿੱਲੀ ਤਕ ਇਕਠੇ ਹੀ ਸਫਰ ਕਰਦੇ ਆਏ, ਏਹ ਸਾਰੀ ਗਲ ਬਾਤ ਦਾਸ ਨੇ ਜੇਲ੍ਹ ਚਿੱਠੀਆਂ ਵਿਚ ਲਿਖੀ ਹੈ। (ਦੇਖੋ ਜੇਲ੍ਹ ਚਿੱਠੀਆਂ)

## ਚਕਾਰ 'ਕਸ਼ਮੀਰ' ਜਾਣਾ

ਅਸੀਂ ਰਿਹਾ ਹੋ ਕੇ ਘਰ ਆ ਗਏ। ਕੁਝ ਸਾਲਾਂ ਬਾਦ ਸਾਨੂੰ ਚਕਾਰ ਤੋਂ ਇਕ ਸਦ ਆਈ ਕਿ 'ਆਓ ਕਸ਼ਮੀਰ ਫੇਰੀ ਪਾਓ' ਸੱਦਾ ਪੱਤਰ ਪਰ ਇੰਨ ਬਿੰਨ ਏਹ ਤੁਕ ਗੁਰਵਾਕ ਦੀ ਅੰਕਤ ਸੀ-

"ਆਇ ਬਸਹੁ ਘਰ ਦੇਸ ਮਹਿ ਇਹ ਭਲੇ ਸੰਜੋਗ"(੮੦੭)

ਗਲ ਕੀ ਸਾਡੀ ਫੇਰੀ ਕਸ਼ਮੀਰ ਵਿਚ ਇਸ ਪਿਆਰੇ ਅਕਾਲੀ ਕੌਰ ਸਿੰਘ ਦੇ ਤੁਫੈਲ ਪਈ। ਜਿਸ ਭਾਵ ਨਾਲ ਅਕਾਲੀ ਜੀ ਨੇ ਸਾਨੂੰ ਬੁਲਾਇਆ, ਜਿਸ ਪਿਆਰ ਨਾਲ ਮਹੀਨਾ ਤਕ ਆਪਣੇ ਆਸ਼੍ਰਮ ਚਕਾਰ ਵਿਚ ਸਾਨੂੰ (ਜੱਥੇ) ਨੂੰ ਏਹਨਾਂ ਨੇ ਰਖਿਆ ਉਹ ਅਕਥਨੀਯ ਹੈ। ਉਸ ਚਕਾਰ ਆਸ਼੍ਰਮ ਦੀ ਸਿਖਰਲੀ ਗੈਲਰੀ ਵਿਚਿ ਬਿਠਾਕੇ ਇਸ ਦਾਸ ਪਾਸੋਂ ਸਤਿਗੁਰੂ ਨੇ 'ਅਨਹਦ ਸਬਦ ਦਸਮ ਦੁਆਰ' ਪੁਸਤਕ ਲਿਖਣ ਦੀ ਸੇਵਾ ਲਈ। ਤੇ ਆਪਣੀ ਰਚਿਤ ਗੁਰਬਾਣੀ ਦਾ ਤਤਕਰਾ ਭੀ ਅਕਾਲੀ ਜੀ ਨੇ ਏਥੇ ਹੀ ਸਾਨੂੰ ਅਤਾ ਕੀਤਾ।

## ਚਕਾਰ ਤੇ ਆਤਮ ਰੰਗ ਉਪਜਾਊ ਨਜ਼ਾਰੇ

ਚਕਾਰ ਆਸ਼੍ਰਮ ਦੀ ਚੋਟੀ ਉਤੇ ਰਾਤ ਦਿਨ ਉਹ ਆਤਮ ਆਨੰਦ ਮਾਣਿਆ, ਜੋ ਵਰਨਿਆ ਨਹੀਂ ਜਾ ਸਕਦਾ ਚਾਰ ਚੁਫੇਰੇ ਅਧਿਭੁਤ ਨਜ਼ਾਰੇ। ਇਰਦ ਗਿਰਦ ਦੀਆਂ ਪਹਾੜੀਆਂ ਦੇ ਦਿਲ ਖਿਚਵੇਂ ਦ੍ਰਿਸ਼, ਠੰਡੀਆ ਮਿਠੀਆਂ ਪਾਉਣਾਂ ਦੇ ਵੇਗ ਅਭਿਆਸ ਲਿਵਤਾਰਨੀ ਸੁਰਤੀ ਨੂੰ ਉਡਾਈ ਲਈ ਜਾਂਦੀਆਂ ਸਨ। 'ਅਨਹਦ ਸਬਦ ਦਸਮ ਦੁਆਰ' ਨਾਮੇ ਪੁਸਤਕ ਲਿਖਣ ਦਾ ਏਹ ਬੜਾ ਹੀ ਭਲਾ ਸਮਾਂ ਸੁਆਉ ਜੁੜਿਆ ਹੋਣ ਕਰਕੇ ਨਿਰੋਲ



www.AKJ.Org

ਨਾਮ ਅਭਿਆਸ ਵਿਦ ਜੁਟੇ ਰਹਿਣਾ। ਆਬਸ਼ਾਸ਼ਾਂ (ਪਾਣੀ ਦੇ ਝਰਨਿਆਂ) ਦੀ ਇਕ ਤਾਰ ਘਨਘੋਰਾਂ ਗਮਕ ਸੁਰਤੀ ਜੋੜਨ ਵਿਚ ਬੜੀਆਂ ਹੀ ਸਹਾਈ ਹੁੰਦੀਆਂ ਸਨ। ਇਹਨਾਂ ਸ਼ੁਭ ਪ੍ਰਮਾਰਥੀ ਗੂੰਜਾਉਂਦੀਆਂ ਬਰਕਤਾਂ ਨੂੰ ਮਾਣਿ-ਮਾਣਿ ਸ੍ਰੀ ਅਕਾਲੀ ਕੌਰ ਸਿੰਘ ਜੀ ਨੂੰ ਉਦੋਂ ਭੀ ਆਮੁਹਾਰੀਆਂ ਅਸੀਸਾਂ ਅੰਦਰੋਂ ਨਿਕਲਦੀਆਂ ਸਨ। ਅਤੇ ਹੁਣ ਭੀ ਉਹ ਅਨੰਦ ਸਮੇਂ ਯਾਦ ਕਰ ਕਰ ਉਨ੍ਹਾਂ ਨੂੰ ਅਸੀਸਾਂ ਦੇਈਦੀਆਂ ਹਨ। ਪ੍ਰਮ ਉਦਾਰਤਾ ਪ੍ਰਇਣ ਹੋਇ ਸ੍ਰੀ ਅਕਾਲੀ ਕੌਰ ਸਿੰਘ ਜੀ ਨੂੰ ਸਾਨੂੰ ਕਲਿਆਣ ਸਰ ਦੀ ਦਰਸ਼ਨ ਯਾਤਰਾ ਕਰਾਈ। ਜੋ ਚਕਾਰ ਤੋਂ ਸਤ ਅਠ ਮੀਲ ਦੇ ਫਾਸਲੇ ਪਰ ਸੀ। ਲਗ ਭਗ ਪਧਰ ਤੇ ਹੀ ਇਹ ਮਹਾਨ ਅਸਥਾਨ ਬਣਿਆ ਸੀ, ਪਰ ਜਗਾ ਬੜੀ ਰਮਣੀਕ ਸੀ।

ਉਥੋਂ ਮੁੜਨ ਨੂੰ ਜੀ ਨ ਕਰੇ। ਅਸਾਡੀ ਰੁਚੀ ਦੇਖ ਕੇ ਸ੍ਰੀ ਅਕਾਲੀ ਜੀ ਨੇ ਉਥੇ ਅਸਾਡੇ ਵਿਸ਼ਰਾਮ ਲਈ ਤੰਬੂ ਕਨਾਤਾਂ ਮੰਗਾਉਣੀਆਂ ਤੇ ਲਾਉਣੀਆਂ ਮਿਥ ਲਈਆਂ, ਬੜੇ ਹੀ ਖਹਿੜੇ ਪਏ, ਪਰ ਸਾਥੋਂ ਇਤਨੀਆਂ ਖੇਚਲਾਂ ਕਦੋਂ ਝਲੀਆਂ ਜਾਂਦੀਆਂ ਸਨ।

ਅਕਾਲੀ ਜੀ ਨੇ ਅਗੇ ਹੀ ਸਾਡੀ ਖਾਤਰ ਬਥੇਰੀਆਂ ਘਾਲਾਂ ਘਾਲੀਆਂ ਸਨ। ਅਧਿਕ ਝਾਲਾਂ ਹੁਣ ਕੌਣ ਝੱਲੇ, ਮਸਾਂ ਮਸਾਂ ਉਨ੍ਹਾ ਨੂੰ ਮਿੰਨਤ ਕਰਕੇ ਏਹ ਕਹਿਕੇ ਮੁੜਨ ਲਈ ਮਨਾਇਆ ਕਿ ਅਉਖੇ ਸੌਖੇ ਇਕ ਰਾਤ ਏਥੇ ਕਟਕੇ ਸਵੇਰੇ ਹੀ ਚਕਾਰ ਨੂੰ ਮੁੜ ਪਵਾਂਗੇ। ਕਲਿਆਣ ਸਰ ਦਾ ਸੋਮਾ ਇਕ ਵਡਾ ਜਮੀਨ ਵਿਚੋਂ ਸਫੁਟ ਹੁੰਦਾ ਸੀ। ਉਸਦੀ ਜਲ ਧਾਰਾ ਹਰ ਮੌਸਮ ਵਿਚ ਮੋਟੇ ਪਟ ਜੇਡੀ ਮੋਟੀ ਵਹਿੰਦੀ ਰਹਿੰਦੀ ਸੀ। ਪਾਸ ਹੀ ਇਕ ਕਚੀਆਂ ਦੀਵਾਰਾਂ ਦਾ ਛੋਟਾ ਜਿਹਾ ਗੁਰਦੁਆਰਾ ਸੀ। ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਰਹਿੰਦੇ ਸਨ। ਪਰ ਸਾਰੀ ਧਰਤੀ ਸੈਲਾਬੀ ਸੀ, ਸਿਲ ਸਿਲ ਕਰਦੀ ਰਹਿੰਦੀ ਸੀ, ਉਥੇ ਦਿਨੇ ਭੀ ਕੋਈ ਭੂਮ ਆਸਣ ਨਹੀਂ ਸੌਂ ਸਕਦਾ ਸੀ। ਰਾਤ ਨੂੰ ਤਾਂ ਕਿਸੇ ਨੇ ਕੀ ਰਹਿ ਸਕਣਾ ਸੀ। ਦਿਨ ਛਪਣ ਸਾਰ ਹੀ ਰੈਣਿ ਬਸੇਰੇ ਦਾ ਗੁਜਾਰਾ ਕਰਨ ਲਈ ਕਿਸੇ ਕੋਠੇ ਦਾ ਆਸਰਾ ਢੂੰਡਣਾ ਪਿਆ, ਲਾਗੇ ਹੀ ਫਰਲਾਂਗ ਉਤੇ ਇਮ ਕੋਠਾ ਪਸੰਦ ਆਇਆ ਚਾਹੇ ਡਿਗਾ ਢੱਠਾ ਹੀ ਸੀ। ਉਸੇ ਨੂੰ ਰਾਤ ਕਟਣ ਲਈ ਸੰਬਰ ਸੁੰਬਰ ਕੇ ਸਵਾਰ ਲਿਆ। ਲਾਗਿਓਂ ਹੀ ਇਕ ਪਹਾੜੀਏ ਘਰਬਾਰੀਏ ਦੇ ਮਨ ਵਿਚ ਮੇਹਰ ਪਈ, ਤਿੰਨ ਚਾਰ ਮੰਜੇ ਸਾਡੇ ਲਈ ਲੈ ਆਇਆ। ਬਿਸਤਰੇ ਸਾਡੇ ਪਾਸ ਨਿਰਬਾਹ ਜੋਗੇ ਚੰਗੇ ਸਨ। ਦੋ ਦੋ ਮੁੜ ਕੇ ਪੈ ਰਹੇ। ਰਹਿੰਦੇ ਖੂੰਹਦੇ ਭੁੰਜੇ ਬਿਛਾਈ ਕਰਨ ਲਗੇ, ਪਰ ਭੁਖ ਸਾਨੂੰ ਸਾਰਿਆਂ ਨੂੰ ਲਗੀ ਹੋਈ ਸੀ। ਓਹੜ ਪੋਹੜ ਤੇ ਉਦਮ ਕਰਕੇ ਰੁਖੇ ਸੁਖੇ ਗਫੇ ਸਜਾਏ ਤੇ ਛਕੇ। ਤੇ ਉਹ ਆਨੰਦ ਮਾਣਿਆਂ ਜੋ ਕਦੇ ਨਾਨਾ ਪ੍ਰਕਾਰ ਦੇ ਭੋਜਨ ਬਿੰਜਨ ਛਕਕੇ ਭੀ ਨਹੀਂ ਮਾਣਿਆ ਹੋਣਾ।

"ਰੁਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ"(੧੩੦੬)

ਵਾਲੀ ਵਰਤੋਂ ਪਰਤਖ ਵਰਤੀ। ਅੰਮ੍ਰਿਤ ਵੇਲੇ ਉਠਕੇ ਵਡੇ ਤੜਕੇ ਕਲਿਆਣ ਸਰ ਦੀ ਜਲਧਾਰਾਂ ਹੇਠ ਇਸ਼ਨਾਨ ਕੀਤਾ। ਜਲ ਇਤਨਾ ਠੰਡਾ ਸੀ ਕਿ ਮਸਾਂ ਅੱਧਾ ਮਿੰਟ ਹੀ ਜਲਧਾਰਾ ਹੇਠ ਬਹਿ ਸਕੀਦਾ ਸੀ। ਅਤੇ ਮੋਟੀ ਜਲਧਾਰਾ ਸੀ। ਜੋ ਸਹਾਰੀ ਨਹੀਂ ਜਾ ਸਕਦੀ ਸੀ। ਪਾਣੀ ਦੀ ਛੋਟੀ ਜੇਹੀ ਟੋਭੀ ਸੀ, ਜਿਸ ਵਿਚੋਂ ਜਲ ਸਘੁਟ ਹੁੰਦਾ ਸੀ। ਪਰ ਉਸ ਟੋਭੀ ਦੀ ਗਹਿਰਾਈ ਦੀ ਥਾਹ ਕੁਛ ਨਹੀਂ ਸੀ। ਜਿਸ ਕਰਕੇ ਉਸ ਵਿਚ ਵੜਨ ਦੀ ਉਦਮ ਕੋਈ ਨਹੀਂ ਕਰ ਸਕਦਾ ਸੀ। ਸ੍ਰੀ ਅਕਾਲੀ ਕੌਰ ਸਿੰਘ ਜੀ ਦਸਦੇ ਸਨ ਕਿ ਇਥੇ ਕਿਸੇ ਸਮੇਂ ਗੁਰੂ ਸਾਹਿਬ ਦੇ ਚਰਨ ਪਏ ਸਨ। ਇਸ ਸਬੰਧੀ ਉਨ੍ਹਾਂ ਬੜੀ ਲੰਬੀ ਚੌੜੀ ਇਤਿਹਾਸਕ ਵਾਰਤਾ ਸੁਣਾਈ ਸੀ। ਜੋ ਇਥੇ ਇਤਿਹਾਸ਼ ਵਿਚ ਲਿਖਤ ਕਾਰਨ ਨਹੀ ਰੋਈ। ਪੁਰਾਣੇ ਬਜ਼ੁਰਗਾਂ ਦੇ ਸੀਨੇ ਬਸੀਨੇ ਚਲੀ ਆਉਣ ਕਰਕੇ ਇਹ ਇਤਿਹਾਸਕ ਕਥਾ ਇਤਿਹਾਸ ਨਾਲੋਂ ਵੀ ਵਧ ਮੰਨਣ ਜੋਗ ਸੀ। ਇਸ਼ਨਾਨ ਕਰਕੇ ਬਾਣੀ ਦਾ ਪਾਠ ਕਰਦੇ ਹੀ ਅਸੀਂ ਵਾਪਸ ਚਕਾਰ ਨੂੰ ਤੁਰ ਪਏ। ਰਸਤਾ ਬੜਾ ਬਿਖੜਾ ਸੀ, ਪਰ ਚੌਹੀਂ ਪਾਸੀਂ ਨਜ਼ਾਰਾ ਬੜਾ ਹੀ ਦਿਲ ਖਿਚਵਾਂ ਸੀ।

ਠਉਰ ਠਉਰ ਤੇ ਬੈਠ ਕੇ ਭਜਨ ਨੂੰ ਜੀ ਕਰਦਾ ਸੀ। ਮਸਾਂ ਤੀਜੇ ਪਹਿਰ ਮੁੜ ਚਕਾਰ ਪਹੁੰਚੇ। ਸ੍ਰੀ ਅਕਾਲੀ ਕੌਰ ਸਿੰਘ ਜੀ ਨੇ ਸਾਡੀ ਸਹੂਲੀਅਤ ਲਈ ਖਚਰਾਂ ਦੀ ਸਵਾਰੀ ਦਾ ਪ੍ਰਬੰਧ ਕਰ ਛਡਿਆ ਸੀ। ਜਿਸ ਕਰਕੇ ਰਸਤੇ ਵਿਚ ਬਹੁਤਾ ਔਖ ਪ੍ਰਤੀਤ ਨਹੀਂ ਹੋਇਆ। ਨਾ ਹੀ, ਅਟਕਾਰ ਨਜ਼ਾਰਿਆਂ ਦੀ ਭਰਮਾਰ ਨੇ ਪਾਈ, ਥਾਂਉ ਥਾਂਉ ਬੈਠਕੇ ਭਜਨ ਆਨੰਦ ਮਾਨਣ ਲਈ ਖਚਰਾਂ ਤੋਂ ਉਤਰਨਾ ਪੈਂਦਾ ਸੀ। ਅਤੇ ਮਖਮਲੀ



www.AKJ.Org

ਘਾਹ ਉਤੇ ਲੇਟ ਕੇ ਵਾਉਭਖਣ ਦੇ ਉਮਾਹੇ ਉਠਦੇ ਸਨ।

"ਨਾਨਕ ਬੈਠਾ ਭਖੇ ਵਾਉ ਲੰਮੇ ਸੇਵਹਿ ਦਰੁ ਖੜਾ॥"(੧੦੯੪)

ਵਾਲੀ ਵਿਉਂਤ ਬਣ ਰਹੀ ਸੀ। ਉਥੇ ਤਾਂ ਖਲੋਕੇ, ਬੈਠਕੇ, ਲੰਮੇ ਪੈਕੇ, ਨਾਮ ਦਾ ਖੰਡਾ ਖੜਕਾਈ ਜਾਣ ਨੂੰ ਉਨਾਓ ਉਠ ਰਿਹਾ ਸੀ। ਓੜਕ ਅਤਿ ਸਹਾਵਣੀ ਜਾਈ ਬੈਠ ਕੇ ਮੈਥੋਂ ਫੇਰ ਉਠਿਆ ਨਾ ਗਿਆ। ਮਗਨ ਮਸਤ ਬੈਠ ਨੂੰ ਸਭਸਾਥੀ ਛੱਡ ਗਏ ਇਕ ਪਿਆਰਾ ਡਾਕਟਰ ਬਸੰਤ ਸਿੰਘ (ਜੋ ਗੁਰਪੁਰੀ ਸਿਧਾਰ ਚੁਕਾ ਹੈ) ਸਾਡੇ ਪਾਸ ਹੀ ਡਟ ਗਿਆ, ਚਕਾਰ ਜਾਣ ਵਾਲੇ ਸਾਥੀਆਂ ਨੂੰ ਉਥੇ ਪੁਜਕੇ ਸਰਬਲੋਹ ਦੇ ਪਰਸ਼ਾਦੇ ਸਜਾਏ। ਛਕ ਛਕਾਕੇ ਸਾਨੂੰ ਭੀ ਗੁਫੇ ਭੇਜ ਦਿਤੇ। ਉਥੇ ਹੀ ਜਿਥੇ ਸਾਨੂੰ ਛਡ ਗਏ ਸੀ। ਇਕ ਪਰਉਪਕਾਰੀ ਸਜਣਭਾਈ ਨਰਾਇਣ ਸਿੰਘ ਆਪੇ ਹੀ ਏਧਰ ਆ ਪਹੁੰਚਿਆ। ਅਤੇ ਸਾਨੂੰ ਆ ਟੁੰਬ ਉਠਾਇਆ। ਜਦੋਂ ਇਸ ਪ੍ਰੇਮ ਛਾਂਦਿਆਂ ਦੀ ਵਾਰਤਾ ਅਸੀਂ ਅਕਾਲੀ ਜੀ ਨੂੰ ਸੁਣਾਈ ਤਾਂ ਉਹ ਬੜੇ ਹੀ ਪ੍ਰਸੰਨ ਹੋਏ। ਰੈਣ ਸਬਾਈ ਦਾ ਸਾਰਾ ਸਮਾਚਾਰ ਸੁਣਕੇ ਤਾਂ ਗਦਗਦ ਹੋ ਗਏ। ਸ਼ਾਡਾ ਰੋਮ ਰੋਮ ਸ੍ਰੀ ਅਕਾਲੀ ਜੀ ਨੂੰ ਅਸੀਸਾਂ ਦੇਵੇ। ਜਿਨ੍ਹਾਂ ਦੀ ਕ੍ਰਿਪਾ ਨਾਲ ਏਹ ਅਨੰਦ ਅਸੀਂ ਮਾਣਿਆ। ਉਘੇ ਹੋਕੇ ਤਾਂ ਅਸੀਂ ਧੰਨਵਾਦ ਦਾ ਅਵਾਜਾ ਨ ਕਢਿ ਸਕੇ ਕਿਉਂਕਿ ਇਸ ਨੂੰ ਸੁਣ ਕੇ ਅਕਾਲੀ ਜੀ ਨਾਰਾਜ਼ ਹੁੰਦੇ ਸਨ। ਆਪਣੀ ਤਾਰੀਫ਼ ਅਪਣੇ ਕੰਨੀ ਸੁਣਨੀ ਉਨ੍ਹਾਂ ਲਈ ਅਤੀ ਹੀ ਦੁਖਦਾਈ ਸੀ।

## ਕਸ਼ਮੀਰ ਦੇ ਹੋਰ ਗੁਰਦੁਆਰਿਆਂ ਦੀ ਯਾਤਰਾ

ਸ੍ਰੀ ਅਕਾਲੀ ਕੌਰ ਸਿੰਘ ਜੀ ਨੇ ਸਾਡੀ ਯਾਤਰਾ ਗਮਨੀ ਰੁਚੀ ਨੂੰ ਬੁਝ ਕੇ ਫੇਰ ਸਾਨੂੰ ਉਭਾਰਿਆ ਕਿ ਚਲੋ ਤੁਹਾਨੂੰ ਕਸ਼ਮੀਰ ਦੇ ਹੋਰ ਗੁਰਦੁਆਰਿਆਂ ਦੀ ਯਾਤਰਾ ਕਰਵਾਈਏ। ਖਾਸ ਕਰ ਜਿਥੇ ਜਿਥੇ ਗੁਰੂ ਸਾਹਿਬ ਦੇ ਚਰਨ ਪਏ ਸਨ ਉਥੇ ਲੈਕੇ ਤਾਂ ਸਾਨੂੰ ਜ਼ਰੂਰ ਗਏ। ਇਹਨਾਂ ਗੁਰਦੁਆਰਿਆਂ ਦੀ ਯਾਤਰਾ ਸਬੰਧੀ ਬਿਰਤਾਂਤ ਵਰਨਣ ਕਰਨ ਹਿਤ ਤਾਂ ਇਕ ਪੁਸਤਕ ਚਾਹੀਏ, ਪਰ ਅਸੀਂ ਸੰਖੇਪ ਮਾਤਰ ਹੀ ਸ੍ਰੀ ਅਕਾਲੀ ਜੀ ਦੇ ਏਹ ਉਪਕਾਰ ਵਰਨਣ ਕਰਦੇ ਰਹੇ। ਚਕੇਰੀ ਉੜੀ ਆਦਿਕ ਗੁਰ ਅਸਥਾਨਾਂ ਦੀ ਯਾਤਰਾ ਕਰਵਾਉਂਦੇ ਹੋਏ ਅਕਾਲੀ ਜੀ ਸਾਨੂੰ (ਬਾਰਾਂ ਮੂਲੇ) ਲੈ ਗਏ। ਦਰਿਆ ਜੇਹਲਮ ਦੇ ਕਿਨਾਰੇ ਇਹ ਗੁਰਦੁਆਰਾ (ਛੇਵੀਂ) ਪਾਤਸ਼ਾਹੀ ਦਾ ਸਜਿਆ ਹੋਇਆ। ਮੰਜੀ ਅਸਥਾਨ ਦਾ ਪਵਿਤਰ ਧੂੜੀ ਬਾਂਛਕੇ ਇਸ ਸਬੰਧੀ ਬਣੇ ਦਰਬਾਰ ਦੇ ਨਾਲ ਲਗਦੇ ਮਕਾਨ ਭੀ ਦਿਖਾਏ। ਹੋਰ ਸਜਣਾਂ ਲਈ ਤਾਂ ਵਖਰਾ ਉਤਾਰਾ ਦੇ ਦਿੱਤਾ; ਦਾਸ ਲਈ ਦਰਿਆ ਦੇ ਵਿਚਕਾਰ ਲਕੜੀ ਦਾ ਬਣਿਆ ਹੋਇਆ ਭਜਨਬੁੰਗਾ ਅਰਪਨ ਕਰਵਾ ਦਿੱਤਾ। ਜੋ ਕਦੇ ਸ੍ਰੀ ਸੰਤ ਅਤਰ ਸਿੰਘ ਜੀ ਦੇ ਨਮਿਤ ਬਣਵਾਇਆ ਗਿਆ ਸੀ। ਉਥੇ ਸਾਡਾ ਸੰਕਲਪ ਕੁਝ ਦਿਨ ਠਹਿਰਨ ਦਾ ਬਣ ਗਿਆ। ਕਈ ਉਘੇ ਸਿਖ ਸਰਦਾਰਾਂ ਦੇ ਉਥੇ ਦਰਸ਼ਨ ਹੋਏ। ਨਿਤਾ ਪ੍ਰਤਿ ਮੰਜੀ ਸਾਹਿਬ ਦੀ ਹਜ਼ੂਰੀ ਦਾ ਆਨੰਦ ਮਾਣਦੇ ਰਹੇ। ਸਬਦ ਭੇਟਾ ਕਰਿ ਕਰਿ ਅਦੁਤੀ ਆਨੰਦ ਆਵੇ। ਉਥੋਂ ਅਕਾਲੀ ਕੌਰ ਸਿੰਘ ਜੀ ਸਾਨੂੰ ਸ੍ਰੀ ਨਗਰ ਕਸ਼ਮੀਰ ਲੈ ਗਏ। ਛੇਵੀਂ ਪਾਤਸ਼ਾਹੀ ਦੇ ਗੁਰਦੁਆਰੇ ਦੀ ਆਲੀਸ਼ਾਨ ਇਮਾਰਤ ਦਿਖਾਈ। ਅਕਸਰ ਸੰਗਤਾਂ ਤੇ ਆਏ ਗਏ ਮੁਸਾਫਰ ਉਥੇ ਹੀ ਨਿਵਾਸ ਰਖਿਆ ਕਰਦੇ ਸਨ। ਪਰ ਅਸਾਡਾ ਗਹਿਣ ਗਠ ਵਿਚ ਰਹਿਣ ਨੂੰ ਜੀ ਨਾ ਕਰੇ। ਸ੍ਰੀ ਅਕਾਲੀ ਜੀ ਅਗੇ ਹੀ ਸਾਡੇ ਦਿਲ ਦੀ ਗਲ ਬੁਝਦੇ ਸਨ, ਉਨ੍ਹਾਂ ਨੇ ਸਾਡੀ ਰਿਹਾਇਸ਼ ਦਾ ਪ੍ਰਬੰਧ ਹੋਰ ਥਾਂ ਕਰ ਛਡਿਆ ਸੀ। ਉਨ੍ਹਾਂ ਦੀ ਪਰਉਪਕਾਰੀ ਉਦਾਰਤਾ ਦੇ ਤੁਫੈਲ ਸਾਨੂੰ ਉਥੇ ਇਕ ਚਮਤਕਾਰੀ ਦਰਸ਼ਨ ਮੇਲੇ ਹੋਏ ਇਕ ਸਿਖ ਪਰਵਾਰ ਦੇ, ਇਸ ਚਮਤਤਕਾਰਕ ਦਰਸ਼ਨ ਦਾ ਮੋਘਾ ਖੁਲਣ ਦਾ ਪੂਰਬ ਅੰਕੁਰੀ ਸਮਾਂ ਠੀਕ ਆਣ ਢੁਕਿਆ ਸੀ। ਅਤੇ ਖੁਲਣਾ ਲਿਖਿਆ ਹੋਇਆ ਸੀ, ਉਪਕਾਰੀ ਵੀਰ ਸ੍ਰੀ ਮਾਨ ਕੌਰ ਸਿੰਘ ਜੀ ਦੀ ਬਰ੍ਕਤ ਫੈਜ਼ ਦਾ ਇਕ ਨਵਾਂ ਚਿਠਾ ਏਥੋਂ ਚਲਦਾ ਹੈ। ਜਿਸ ਨੂੰ ਏਥੇ ਹੀ ਠਪਣਾ ਚੰਗਾ ਹੈ, ਨਹੀਂ ਤਾ ਇਸ ਲੇਖ ਦਾ ਬਹੁਤ ਵਿਸਥਾਰ ਵਧ ਜਾਏਗਾ।

ਇਹ ਚਮਤਕਾਰਕ ਮਿਲਾਪ ਬਣਾਉ ਲਿਖਤਕਾਰਕ ਸੀ, ਜੋ ਸਮੇਂ ਦੀ ਚਾਦਰ ਨੇ ਐਸਾ ਲਪੇਟਿਆ ਕਿ ਮੁੜ ਸੰਜੋਗ ਜੁੜਨ ਦੀ ਆਸ ਨਹੀਂ। ਨਾਹੀਂ ਜੋਗ ਸੰਜੋਗੀ ਅਕਾਲੀ ਕੌਰ ਸਿੰਘ ਜੀ ਨੇ ਮੁੜਕੇ ਆਉਣਾ



www.AKJ.Org

ਹੈ ਤੇ ਨਾਹੀਂ ਇਹ ਸੰਜੋਗ ਫੇਰ ਜੁੜਨਾ ਹੈ, ਏਥੇ ਸ੍ਰੀ ਨਗਰ ਅਸੀਂ ਸਾਲਾਂ ਬੱਧੀ ਆਉਂਦੇ ਰਹੇ ਤੇ ਫੇਰੀਆ ਮਾਰਦੇ ਰਹੇ। ਓੜਕ ਉਹ ਸਮਾ ਆ ਗਿਆ ਕਿ ਸਾਡਾ ਦੋਹਾਂ ਦਾ ਕਿਸੇ ਗੁਰਮਤਿ ਨੁਕਤੇ ਉਤੇ ਮਤਭੇਦ ਹੋ ਗਿਆ ਅਤੇ ਐਸਾ ਹੋਇਆ ਕਿ ਰੰਜਸ਼ ਤਾਈਂ ਨੌਬਤ ਅਪੜ ਗਈ। ਇਤਨਾ ਹੁੰਦਿਆ ਹੋਇਆ ਭੀ ਮੈਂਡੇ ਅੰਦਰ ਖਾਨਿਓਂ ਸ੍ਰੀ ਅਕਾਲੀ ਜੀ ਦੀ ਹਸਤੀ ਦਾ ਪਿਆਰ ਸਤਿਕਾਰ ਨਹੀਂ ਗਿਆ। ਭਾਵੇਂ ਹਰ ਇਕ ਕਸ਼ਮੀਰ ਫੇਰੀ ਤੇ ਪਰਸਪਰ ਦਰਸ਼ਨ ਹੋਣੇ ਭੀ ਹਟ ਗਏ। ਪਰ ਅੰਦਰਲੀ ਪ੍ਰੀਤ ਨਹੀਂ ਟੁਟੀ। ਫੇਰ ਛੇਕੜਲੀ ਦਰਸ਼ਨ ਮਿਲਾਉਣੀ ਤਾਂ ਅਕਾਲੀ ਜੀ ਦੀ ਓਦੋਂ ਹੀ ਹੋਈ ਜਦੋਂ ਉਨ੍ਹਾਂ ਦੇ ਆਸ਼੍ਰਮੀ ਆਲ੍ਹਣੇ ਓਥੋਂ ਦੇ ਜਰਵਾਣਿਆ ਨੇ ਉਜਾੜਕੇ ਮਿਸਮਾਰ ਕਰ ਦਿਤੇ ਸਨ। ਜਦੋਂ ਇਹ ਸੋਆਂ ਸੁਣੀਆ ਕਿ ਚਕਾਰ ਆਸ਼੍ਰਮ ਨੂੰ ਗਾਰਤ ਕਰਨ ਦੀ ਗਾਰਤਗਰਾ ਨੇ ਹਦ ਮੁਕਾ ਦਿਤੀ ਅਤੇ ਆਸ਼੍ਰਮ ਨਿਵਾਸੀ ਸਭ ਵਿਦਿਆਰਥੀ ਤੇ ਅਧਿਆਪਕ ਕਤਲ ਕੀਤੇ ਗਏ ਹਨ। ਪਰ ਇਹ ਪਤਾ ਨ ਚਲਿਆ ਕਿ ਅਕਾਲੀ ਕੌਰ ਸਿੰਘ ਜੀ ਦਾ ਕੀ ਹਸ਼ਰ ਹੋਇਆ। ਅਚਾਨਕ ਇਕ ਦਿਨ ਅਕਾਲੀ ਕੌਰ ਸਿੰਘ ਜੀ ਪੰਜਾਬ ਵਿਚ ਫਿਰਦੇ ਤੇ ਬਿਚਰਦੇ ਬਿਚਰਦੇ ਆਣ ਨਮੂਦਾਰ ਹੋਏ। ਦੇਖਕੇ ਮੇਰੀਆਂ ਭੁਬਾ ਨਿਕਲ ਗਈਆਂ ਅਤੇ ਉਨ੍ਹਾਂ ਦੀ ਜ਼ਬਾਨੀ ਸਾਰਾ ਹਾਲ ਸੁਣਕੇ ਚਿਤ ਨੂੰ ਬੜਾ ਹੀ ਖੇਦ ਪਹੁੰਚਿਆ ਪਰ ਸ਼ੁਕਰ ਕੀਆ ਕਿ ਅਕਾਲੀ ਕੌਰ ਸਿੰਘ ਜੀ ਉਸ ਫੇਟ ਵਿਚ ਨਹੀਂ ਆਏ। ਕਾਲ ਦੇ ਅਕਾਲ ਚਕਰ ਅੰਦਰ ਅੱਜ ਉਨ੍ਹਾਂ ਦਾ ਇਸ ਅਥਾਹ ਸੰਸਾਰ ਤੋਂ ਕੂਚ ਕਰ ਜਾਣਾ ਬੜਾ ਹੀ ਦੁਖਦਾਈ ਹੈ ਪਰ ਇਹ ਜਾਣਕੇ ਕਿ ਉਹ ਆਪਣੀ ਪੂਰੀ ਨਿਬਾਹ ਗਏ। ਚਿਤ ਬੜਾ ਹੀ ਤਸਕੀਨ ਅੰਦਰਿ ਗੈ। ਚਲਿਆ ਤਾਂ ਸਭ ਨੇ ਜਾਣਾ ਹੀ ਹੈ, ਪਰ ਸ੍ਰੀ ਅਕਾਲੀ ਕੌਰ ਸਿੰਘ ਜੀ ਵਰਗੇ ਗੁਰਮੁਖਾ ਦੇ ਚਲਾਣੇ ਬੜੇ ਹੀ ਕਉਤਕਹਾਰ ਹਨ।

ਮੈਥੋਂ ਸਤਿਗੁਰ ਨੇ ਜਿਤਨੀਆਂ ਪੁਸਤਕਾ ਲਿਖਾਉਣ ਦੀ ਸੇਵਾ ਲਈ ਹੈ, ਉਨ੍ਹਾਂ ਦੇ ਲਿਖਦਿਆਂ ਹੋਇਆਂ ਗੁਰਬਾਣੀ ਦੇ ਪ੍ਰਮਾਣ ਅੰਕਤ ਕਰਨ ਲਈ ਜੋ ਸੁਗਮਤਾ ਸ੍ਰੀ ਅਕਾਲੀ ਕੌਰ ਸਿੰਘ ਜੀ ਦਾ ਤਤਕਰਾ ਦਿੰਦਾ ਰਿਹਾ ਹੈ, ਉਹ ਅਦੁਤੀ ਯਾਦਗਾਰ ਉਨ੍ਹਾਂ ਦੇ ਉਪਕਾਰ ਦੀ ਹੈ, ਜੋ ਖਿਨ ਖਿਨ ਉਨ੍ਹਾਂ ਦੀ ਯਾਦ ਤਾਜ਼ਾ ਕਰਾਉਂਦਾ ਰਿਹਾ ਤੇ ਕਰਾਉਂਦਾ ਰਹੇਗਾ। ਕਸ਼ਮੀਰ ਦੇ ਪ੍ਰੇਮੀਆਂ ਫੋਟੋ ਗਰਾਫਰਾਂ ਮੇਰੀ ਤੇ ਉਨ੍ਹਾਂ ਦੀ ਫੋਟੋ ਇਕੱਠੀ ਲਈ ਸੀ ਜੋ ਹੁਣ ਤਾਈਂ ਮੇਰੇ ਪਾਸ ਮੌਜੂਦ ਹੈ, ਜੇਲ੍ਹ ਯਾਤਰਾ ਤੋਂ ਵਾਪਸ ਆਕੇ ਸ੍ਰੀ ਅਕਾਲੀ ਜੀ ਦੇ ਦਰਸ਼ਨ ਉਨ੍ਹਾਂ ਸਮਿਆਂ ਤੇ ਭੀ ਹੁੰਦੇ ਰਹੇ। ਜਦੋਂ ਪੰਥ ਗੁਰੂ ਦੇ ਹੁਕਮ ਅਨੁਸਾਰ ਇਤਿਹਾਸਕ ਇਮਾਰਤਾਂ ਦੇ ਬੁਨਿਆਦੀ ਪੱਥਰ ਰਖਣ ਸਮੇਂ ਪੰਜਾਂ ਪਿਆਰਿਆਂ ਵਿਚ ਮੇਰੇ ਸੰਗ ਸਾਥ ਉਨ੍ਹਾਂ ਨੂੰ ਭੀ ਸ਼ਾਮਲ ਕੀਤਾ ਗਿਆ ਸੀ।

ਸ੍ਰੀ ਅਕਾਲੀ ਕੌਰ ਸਿੰਘ ਜੀ ਦਾ ਗੁਰਮਤਿ ਰਹਿਜਾਨ ਮੁਢ ਤੋਂ ਹੀ ਉਪਕਾਰ ਕਮਾਵਣ ਵਾਲਾ ਸੀ। ਦੱਖਣ ਵਿਚ ਸ੍ਰੀ ਹਜ਼ੂਰ ਸਾਹਿਬ ਵਿਚ ਤਕੜਾ ਚਿਰ ਰਹਿਣ ਕਰਕੇ ਨਿਹੰਗਾਂ ਸਿੰਘਾਂ ਵਾਲੇ ਸੰਸਕਾਰ ਉਨ੍ਹਾਂ ਵਿਚ ਬੜੀ ਬਹੁਲਤਾ ਨਾਲ ਪ੍ਰਵੇਸ਼ ਆਣ ਹੋਏ ਸਨ। ਪਰ ਮੁੜ ਪੰਜਾਬ ਆਹੇ ਸਿੰਘ ਸਭਾ ਨਾਲ ਮੇਲ ਜੋਲ ਹੋਣ ਕਰਕੇ ਨਿਹੰਗਾਂ ਸਿੰਘ ਦੇ ਸੰਸ੍ਕਾਰਾਂ ਤੋਂ ਮੋੜਾ ਖਾ ਗਏ ਸਨ। ਪਰ ਇਕ ਦੋ ਅਸੂਲ ਉਨ੍ਹਾਂ ਦੇ ਅੰਦਰ ਨਿਹੰਗਾ ਸਿੰਘਾ ਵਾਲੇ ਘਰ ਕਰ ਗਏ ਸਨ। ਬਹੁਤ ਹਦ ਤਕ ਉਹ ਆਪਦੇ ਨਿਜ ਬਣੇ ਖ਼ਿਆਲਾ ਦੇ ਭੀ ਮਾਲਕ ਸਨ। "ਇਕ ਓਅੰਕਾਰ" ਨੂੰ ਉਹ ਹਮੇਸ਼ਾਂ ਏਕੀ ਓਅੰਕਾਰ ਕਰਕੇ ਪੜ੍ਹਦੇ ਰਹੇ। ਉਨ੍ਹਾਂ ਨਾਲ ਬਥੇਰੀ ਵਿਚਾਰ ਭੀ ਹੋਈ ਪਰ ਉਸੇ ਤਰ੍ਹਾਂ ਹੀ ਕਾਇਮ ਰਹੇ। ਇਹਨਾਂ ਤਫਰਕਿਆਂ (ਮਤਿ ਭੇਦਾਂ) ਨੂੰ ਛਡਕੇ ਉਨ੍ਹਾਂ ਦੀ ਹੋਰ ਅਲੌਕਿਕ ਗੁਰਮਤਿ ਗੁਣਾਂ ਦਾ ਅਸਾਡੇ ਅੰਦਰ ਬੜਾ ਹੀ ਪਿਆਰ ਸਤਿਕਾਰ ਹੈ ਤੇ ਸਦਾ ਰਹੇਗਾ। ਮੈਥੋਂ ਚਾਰ ਸਾਲ ਆਯੂ ਵਿਚ ਛੋਟੇ ਸਨ, ਪਰ ਪਹਿਲਾਂਹੀ ਪਧਾਰ ਗਏ। ਅਸਾਡੀ ਵਾਰੀ ਆਉਣ ਹੀ ਨਹੀਂ ਦਿੱਤੀ।

"ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ॥"(੮੩੬)

ਦੇ ਗੁਰਵਾਕ ਅਨੁਸਾਰ ਅਸਾਡਾ ਪਰਲੋਕ ਗਮਨ ਦਾ ਸਦੜਾ ਨੇੜੇ ਹੀ ਆਇਆ ਖੜਾ ਹੈ।

"ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ॥
ਨਾਨਕ ਧੰਨੁ ਸੋਹਾਗਣੀ ਜਿਨ ਸਹ ਨਾਲਿ ਪਿਆਰੁ॥(੫੧)

ਸ੍ਰੀ ਅਕਾਲੀ ਕੌਰ ਸਿੰਘ ਜੀ ਦੀਆ ਦੋ ਅਟੱਲ ਯਾਦਗਾਰਾਂ ਹਨ, ਜੋ ਉਨ੍ਹਾਂ ਦੀ ਯਾਦ ਨੂੰ ਸਦਾ ਤਾਜ਼ਾ ਰਖਣਗੀਆ। ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਤਕਰਾ ਤੇ ਦੂਜਾ ਭਾਈ ਗੁਰਦਾਸ ਜੀ ਦੀਆ "ਵਾਰਾ ਤੇ ਕਬਿਤ ਸਵੱਯਾਂ ਦਾ ਤਤਕਰਾ" ———



www.AKJ.Org

# ਸਾਂਝੀਵਾਲਤਾ ਦੇ ਸਾਗਰ

(ਪ੍ਰਿ: ਸੱਜਣ ਸਿੰਘ ਜੀ)

ਭਾਰਤ ਦੇ ਧਾਰਮਕ ਆਗੂਆਂ, ਰਿਸ਼ੀਆ, ਮੁਨੀਆਂ, ਤਪੱਸਵੀਆਂ, ਸੰਤਾਂ ਭਗਤਾਂ ਨੇ ਸਹਜ ਗਿਆਨ ਦੁਆਰਾ ਆਪਣੇ ਮੁਖਾਰਬਿੰਦ ਤੋਂ ਜਿਹੜੇ ਅਮੋਲਕ ਬਚਨ ਉਚਾਰੇ ਉਨ੍ਹਾਂ ਦਾ ਨਾਉਂ ਬਾਣੀ ਪ੍ਰਚੱਲਤ ਹੋ ਗਿਆ। ਹਕੀਕਤ ਵਿੱਚ ਜਿਸ ਰਚਨਾ ਵਿੱਚ ਕੇਵਲ ਅਕਾਲ ਪੁਰਖ ਦੀ ਮਹਿਮਾ ਦਾ ਗਾਇਣ ਹੁੰਦਾ ਸੀ, ਉਹੀ ਬਾਣੀ ਅਖਵਾਉਣ ਦੇ ਯੋਗ ਹੁੰਦੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾ ਭਗਤੀ ਕਾਲ ਦਾ ਯੁਗ ਆਰੰਭ ਹੋ ਢੁੱਕਿਆ ਸੀ ਤੇ ਭਗਤਾਂ ਨੇ ਨਿਰੁਗਣ ਪਰਮਾਤਮਾ ਦੀ ਉਸਤਤਿ ਵਿੱਚ ਬਾਣੀ ਉਚਾਰੀ ਹੋਈ ਸੀ। ਇਉਂ ਲਗਦਾ ਹੈ ਕਿ ਜ਼ੁਲਮ ਸਿਤਮ, ਉਚ-ਨੀਚ, ਛੂਤ-ਛਾਤ, ਭੇਖ, ਦਿਖਾਵਾ, ਪਾਖੰਡ ਤੇ ਧਾਰਮਕ ਕੱਟੜਤਾ ਬਹੁਤ ਜ਼ੋਰਾ ਤੇ ਸੀ ਤੇ ਇਸ ਦੇ ਪ੍ਰਤੀਕਰਮ ਵਜੋਂ ਯੁਗ ਦਾ ਮੁੱਢ ਬੱਝਾ ਸੀ। ਨਿਰਸੰਦੇਹ ਇਸ ਤਰ੍ਹਾ ਦੇ ਵਾਤਾਵਰਨ ਵਿੱਚ ਨਿਰੰਕਾਰ ਨੇ ਆਪਣੀ ਪਰਮ ਸੱਤਾ ਨੂੰ ਸ਼ਾਕਾਰ ਸਰੂਪ ਵਿੱਚ ਪਲਟਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੰਸਾਰ ਵਿੱਚ ਪਠਾਇਆ ਸੀ।

ਹਜ਼ੂਰ ਨੇ ਤੇ ਬਾਕੀ ਗੁਰੂ ਸਾਹਿਬਾਨ ਨੇ ਸਮੁੱਚੇ ਵਿਸ਼ਵ ਨੂੰ ਸੱਚ ਦਾ ਮਾਰਗ ਦਿਖਾਉਣ ਲਈ ਜਿਹੜੀ ਬਾਣੀ ਰਚੀ, ਉਹ ਧੁਰ ਦਰਗਾਹ ਤੋਂ ਆਉਣ ਕਰਕੇ ਤੇ ਖਸਮ ਦੀ ਬਾਣੀ ਹੋਣ ਕਰਕੇ ਦੈਵੀ ਰੰਗ ਵਿੱਚ ਰੱਤੀ ਹੋਈ ਸੀ। ਇਉਂ ਇਸ ਦਾ ਨਾਉਂ ਗੁਰਬਾਣੀ ਪਰਵਾਨ ਹੋ ਗਿਆ। ਸਤਿਗੁਰੂ ਜੀ ਦਾ ਫੁਰਮਾਨ ਹੈ।

ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥
ਬਾਣੀ ਗੁਰਬਾਣੀ ਲਾਗੇ ਤਿਨ ਹਥਿ ਚੜਿਆ ਰਾਮ॥
ਗੁਰਬਾਣੀ ਲਾਗੇ ਤਿਨ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ॥
ਹਰਿ ਹਰਿ ਨਾਮੁ ਅਮੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ॥
ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥
ਗੁਰ ਗੋਵਿੰਦੁ ਗੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥

(ਆਸਾ ਛੰਤ ਮਹਲਾ ੪ ਘਰ ੧) (੪੪੨)॥

ਇਸ ਗੁਰਵਾਕ ਵਿੱਚ ਨਾ ਕੇਵਲ ਬਾਣੀ ਨੂੰ ਗੁਰਬਾਣੀ ਦੇ ਰੂਪ ਵਿਚ ਪੇਸ਼ ਕੀਤਾ ਹੈ, ਨਾਮ ਤੇ ਗੁਰਬਾਣੀ ਦੇ ਏਨੇ ਡੂੰਘੇ ਸੰਬੰਧ ਨੂੰ ਦਰਸਾਇਆ ਹੈ ਜਿਸ ਦੀ ਕਦਰ ਕੀਮਤ ਦਾ ਅਹਿਸਾਸ ਗੁਰਸਿੱਖ ਦੇ ਹਿਰਦੇ ਅੰਦਰ ਹੀ ਹੁੰਦਾ ਹੈ। ਮਨਮੁਖ ਤੇ ਨਾਸਤਕ ਜੀਵ ਨੂੰ ਗੁਰਮਤਿ ਨਾਮ ਤੇ ਗੁਰਬਾਣੀ ਦੇ ਅਟੁੱਟ ਰਿਸ਼ਤੇ ਦੀ ਸੋਝੀ ਹੋ ਹੀ ਨਹੀਂ ਸਕਦੀ।

ਪੰਚਮ ਪਾਤਸ਼ਾਹ ਦੇ ਸਮੇਂ-ਗੁਰਬਾਣੀ ਤੇ ਨਾਮ ਦੀ ਕੀਰਤੀ ਘਰ ਘਰ ਫੈਲ ਗਈ। ਇਸ ਦੀ ਸੁਗੰਧੀ ਨੇ ਸਮੁੱਚੇ ਵਾਤਾਵਰਨ ਨੂੰ ਮੁਅੱਤਰ ਕਰ ਦਿੱਤਾ। ਗੁਰੂ ਘਰ ਦੇ ਦੋਖੀਆਂ ਨੂੰ ਵਧ ਰਹੀ ਵਡਿਆਈ ਕੰਡੇ ਵਾਂਗਰ ਚੁੱਭਣ ਲੱਗੀ ਤੇ ਉਨ੍ਹਾਂ ਵਿਚੋਂ ਕਈਆਂ ਨੇ ਗੁਰਬਾਣੀ ਦੇ ਟਾਕਰੇ ਵਿੱਚ ਆਪਣੀ ਬਾਣੀ ਲਿਖ ਕੇ ਭੋਲੀ ਭਾਲੀ ਲੋਕਾਈ ਨੂੰ ਗੁਮਰਾਹ ਕਰਨ ਦਾ ਯਤਨ ਕੀਤਾ। ਰੀਸਾਂ ਨਾਲ ਵੜੇ ਨਹੀਂ ਪੱਕਦੇ ਕਾਗਜ ਦੇ ਫੁੱਲਾ ਵਿਚੋਂ ਸੁਗੰਧੀ ਨਹੀਂ ਆਉਂਦੀ ਤੇ ਮੁਲੱਮਾ ਅੰਤ ਨੂੰ ਪ੍ਰਗਟ ਹੋ ਹੀ ਜਾਂਦਾ ਹੈ। ਗੁਰਦੇਵ ਜੀ ਨੇ ਸੱਚੀ ਬਾਣੀ ਨੂੰ ਕੱਚੀ ਬਾਣੀ ਦੇ ਮਿਲਗੋਭੇ ਤੋਂ ਬਚਾਉਣ ਲਈ ਇੱਕ ਅਹਿਮ, ਵਿਲੱਖਣ ਫੈਸਲਾ ਕਰ ਲਿਆ। ਆਪ ਜੀ ਨੇ ਗੁਰਬਾਣੀ ਨੂੰ ਸਦਾ ਲਈ ਅਮਰ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਲਿਖਣ ਦਾ ਕੰਮ ਅਤੀ ਸ਼ਰਧਾਵਾਨ ਤੇ ਹਿੰਦੀ, ਸੰਸਕ੍ਰਿਤ, ਪੰਜਾਬੀ ਦੇ ਮਹਾਨ ਵਿਦਵਾਨ ਭਾਈ ਗੁਰਦਾਸ ਜੀ ਨੂੰ ਸੌਂਪਿਆ। ਪਰ ਸਭ ਤੋਂ ਵੱਡਾ ਮਾਨਵ ਪ੍ਰੇਮ ਭਰਿਆ ਤੇ ਪਰਉਪਕਾਰ ਵਿੱਚ ਰੰਗਿਆ ਕੰਮ ਇਹ ਕੀਤਾ ਕਿ ਇਸ ਵਿੱਚ ਗੁਰੂ ਨਾਨਕ ਜੋਤਿ ਦੀ ਬਾਣੀ ਦੇ ਇਲਾਵਾ ਭਗਤਾਂ, ਸੰਤਾ ਤੇ ਸੂਫੀ ਫਕੀਰਾਂ ਦੀ ਬਾਣੀ ਨੂੰ ਵੀ ਸ਼ਾਮਲ ਕੀਤਾ


www.AKJ.Org

ਤੇ ਨਸਲੀ ਵਿਤਕਰੇ, ਜਾਤ-ਪਾਤ ਦੇ ਬੰਧਨ, ਹਿੰਦੂ ਮੁਸਲਮਾਨ ਦੇ ਭੇਦ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਦੇ ਪਾੜੇ ਨੂੰ ਮਿਟਾ ਕੇ ਇਕੋ ਮਾਨਵੀ ਧਰਮ ਉਜਾਗਰ ਕੀਤਾ। ਕਿਸੇ ਭੀ ਧਰਮ ਵਿੱਚ ਵਿਸ਼ਵਾਸ ਰੱਖਣ ਵਾਲਾ ਪ੍ਰਾਣੀ, ਜੇ ਉਹ ਆਪਣੀਆਂ ਅੱਖਾਂ ਤੋਂ ਤੁਅੱਸਬ ਤੇ ਦ੍ਵੈਤ ਭਾਵਨਾ ਦਾ ਪੜਦਾ ਲਾਹ ਕੇ ਤੱਕਦਾ ਹੈ ਤਾਂ ਉਸ ਨੂੰ ਗੁਰੂ ਨਾਨਕ ਜੋਤ ਦੇ ਨਾਲ ਕਬੀਰ ਜੁਲਾਹਾ, ਰਵਿਦਾਸ ਚਮਾਰ ਧੰਨਾ ਜੱਟ, ਸੈਣ ਨਾਈ, ਸਧਨਾ ਕਸਾਈ, ਸ਼ੇਖ ਫਰੀਦ, ਮਰਦਾਨਾ ਮਰਾਸੀ, ਜੈਦੇਵ ਬ੍ਰਾਹਮਣ, ਛੀਂਬਾ, ਨਾਮਦੇਵ ਆਦਿ ਬੈਠੇ ਪਰਤੀਤ ਹੁੰਦੇ ਹਨ।

ਦੋ ਹੋਰ ਪ੍ਰਮੁੱਖ ਰਚਨਾਵਾਂ, ਸੱਤਾ ਬਲਵੰਡ ਦੀ ਵਾਰ ਤੇ ਭੱਟਾਂ ਦੇ ਸਵਈਏ, ਵਿਸ਼ੇਸ ਤੌਰ ਤੇ ਸਾਡਾ ਧਿਆਨ ਮੰਗਦੀਆਂ ਹਨ। ਪਹਿਲੀ ਗੱਲ ਇਹ ਕਿ ਸਤਾ, ਬਲਵੰਡ ਤੇ ਸਾਰੇ ਭੱਟ ਭਗਤਾਂ ਦੀ ਸ਼੍ਰੇਣੀ ਵਿੱਚ ਨਹੀਂ ਆਉਂਦੇ, ਇਹ ਗੁਰਸਿੱਖਾਂ ਤੇ ਸ਼ਰਧਾਲੂਆਂ ਦੇ ਵਰਗ ਨਾਲ ਸਬੰਧਤ ਹਨ। ਦੂਜੀ ਗੱਲ ਕਿ ਇਹਨਾਂ ਨੇ ਗੁਰੂ ਸਾਹਿਬਾਨ ਜਾਂ ਸਰਗੁਣ ਸਰੂਪ ਦੀ ਉਸਤਤਿ ਕੀਤੀ ਹੈ ਜਦ ਕਿ ਭਗਤਾਂ ਨੇ ਨਿਰੰਕਾਰ ਜਾਂ ਨਿਰਗੁਣ ਸਰੂਪ ਦੀ, ਪਰ ਇਹਨਾਂ ਦੀਆਂ ਰਚਨਾਵਾਂ ਸਾਧਾਰਨ ਗੀਤ ਜਾਂ ਕਵਿਤਾਵਾਂ ਨਹੀਂ ਰਹੀਆਂ। ਜਿਨ੍ਹਾਂ ਲਿਖਤਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਰਵਾਨ ਕੀਤਾ ਹੋਵੇ ਤੇ ਆਪਣੇ ਮੁਖਾਰਬਿੰਦ ਤੋਂ ਉਚਾਰ ਕੇ ਲਿਖਵਾਇਆ ਹੋਵੇ ਉਹ ਗੁਰਬਾਣੀ ਕਿਵੇਂ ਨ ਬਣੀਆਂ ਹੋਣ। ਪਾਰਸ ਦੇ ਸਪਰਸ਼ ਨਾਲ ਤਾਂਬਾ ਕੰਚਨ ਬਣ ਜਾਂਦਾ ਹੈ ਤੇ ਚੰਦਨ ਦੇ ਨਿਕਟ ਰਹਿਣ ਵਾਲਾ ਅਰਿੰਡ ਭੀ ਸੁਗੰਧਤ ਹੋ ਜਾਂਦਾ ਹੈ, ਪਰ ਆਪ ਪਾਰਸ ਭੀ ਹੋ, ਤੇ ਕੰਚਨ ਭੀ ਹੋ ਆਪ ਜੀ ਨੇ ਬਿਧੀ ਚੰਦ ਵਰਗ ਕਈ ਕੁਰਾਹੇ ਪਾਏ ਜੀਵਾਂ ਨੂੰ ਦੇਵਤੇ ਬਣਾ ਦਿੱਤਾ। ਸਤਿਗੁਰ ਦਾ ਫੁਰਮਾਨ ਹੈ: ਧਨਾਸਰੀ ਮਹਲਾ ੪ ਘਰੁ ੫ ਦੁਪਦੇ॥ .....

ਰਾਮ ਪਾਰਸ ਚੰਦਨ ਹਮ ਕਾਸਟ ਲੋਸਟ॥
ਹਰਿ ਸੰਗਿ ਹਰੀ ਸਤਸੰਗੁ ਭਏ ਹਰਿ ਕੰਚਨੁ ਚੰਦਨੁ ਕੀਨੇ॥(੬੬੮)

ਇਹ ਅਕਾਲ ਪੁਰਸ਼ ਦਾ ਵਿਸ਼ੇਸ਼ ਗੁਣ ਹੈ ਤੇ ਕਿਸੇ ਬੰਦੇ ਦੀ ਸੋਚਣੀ, ਆਦਤ ਜਾਂ ਕਰਨੀ ਵਿਚ ਵਿਸ਼ੇਸ ਤਬਦੀਲੀ ਲਿਆਉਣ ਦੀ ਸ਼ਕਤੀ ਸਾਧਾਰਨ ਮਨੁੱਖ ਵਿੱਚ ਨਹੀਂ ਹੈ ਇਹ ਕਰਤਾਰ ਦੇ ਵੱਸ ਹੈ ਜਾਂ ਉਸ ਵਿੱਚ ਅਭੇਦ ਹੋਏ ਪੂਰਨ ਮਨੁੱਖ ਵਿੱਚ ਹੈ। ਭਾਈ ਗੁਰਦਾਸ ਜੀ ਇਸ ਪ੍ਰਤੀ ਬਚਨ ਕਰਦੇ ਹਨ।

ਸਤਿਗੁਰੁ ਪਾਰਸਿ ਪਰਸਿਐ ਕੰਚਨੁ ਕਰੈ ਮਨੂਰ ਮਲੀਣਾ॥
ਸਤਿਗੁਰ ਬਾਵਨ ਚੰਦਨੋ ਵਾਸੁ ਸੁਵਾਸ ਕਰੈ ਲਾਖੀਣਾ॥ (ਵਾਰ ੨੯ ਪਉੜੀ ੨੦)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਭਾਦਰੋਂ ਸੁਦੀ ੧ ਸੰਮਤ ੧੬੬੧ (ਸੰਨ 1604) ਸ੍ਰੀ ਹਰਿਮੰਦਰ ਸਾਹਿਬ ਵਿੱਚ ਹੋਇਆ ਤੇ ਬਾਬਾ ਬੁੱਢਾ ਜੀ ਨੂੰ ਹੈਡ ਗ੍ਰੰਥੀ ਸੌਂਪਿਆ। ਇਹ ਮਹਾਨ ਪ੍ਰਕਾਸ਼ ਉਤਸਵ ਕਾਫੀ ਸਮੇਂ ਤੱਕ ਅਣਗੌਲਿਆ ਰਹਿਆ। ਵਰਤਮਾਨ ਸਮੇਂ ਵਿੱਚ ਇਸ ਪਹਿਲੇ ਪ੍ਰਕਾਸ਼ ਦਿਵਸ ਦੀ ਮਹਿਮਾ ਗੁਲਾਬ ਫੁੱਲ ਦੀ ਸੁਗੰਧੀ ਵਾਂਗਰ ਵਿਸ਼ਵ ਭਰ ਵਿੱਚ ਪਸਰ ਰਹੀ ਹੈ। ਦਸਵੇਂ ਨਾਨਕ ਜੀ ਨੇ ਸਰੀਰ ਦੀ ਨਾਸ਼ਵਨਤਾ ਤੇ ਗੁਰਬਾਣੀ ਦੇ ਚਾਨਣ ਦੇ ਸਦੀਵੀ ਪ੍ਰਕਾਸ਼ ਨੂੰ ਭਲੀ ਭਾਂਤਿ ਜਾਣਦਿਆਂ ਦੇਹਧਾਰੀ ਗੁਰੂ ਪਰੰਪਰਾ ਹਮੇਸ਼ਾ ਲਈ ਖਤਮ ਕੀਤੀ ਤੇ ਖਾਲਸਾ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਜਿਨ੍ਹਾਂ ਦਾ ਪਹਿਲਾ ਨਾਉ ਆਦਿ ਗ੍ਰੰਥ ਜੀ ਸੀ) ਦੇ ਲੜ ਲਾਇਆ ਤੇ ਖਾਲਸੇ ਨੂੰ ਗੁਰੂਡੰਮ ਦੇ ਚੱਕਰ ਤੋਂ ਸਾਵਧਾਨ ਤੇ ਮੁਕਤ ਕਰਾਇਆ।

ਕਿਤੇ ਕਿਤੇ ਗੁਰ ਸ਼ਬਦ ਤੇ ਸ਼ਬਦ ਗੁਰੂ ਦਾ ਪਰਯੋਗ ਸਮਾਨਾਰਥਕ ਸ਼ਬਦਾਂ ਦੇ ਤੌਰ ਤੇ ਹੋਇਆ ਹੈ ਪਰ ਵਾਸਤਵ ਵਿੱਚ ਇਨ੍ਹਾਂ ਦੇ ਮੂਲ ਅਰਥ ਭਿੰਨ ਭਿੰਨ ਹਨ। ਗੁਰ ਸ਼ਬਦ ਦਾ ਭਾਵ ਉਹ ਬਚਨ, ਹੁਕਮ ਜਾਂ ਉਪਦੇਸ਼ ਹੈ ਜਿਸ ਦਾ ਉਚਾਰਨ ਸਤਿਗੁਰੂ ਦੇ ਪਾਵਨ ਮੁਖਾਰਬਿੰਦ ਤੋਂ ਹੋਇਆ ਹੋਵੇ। ਇਸ ਦਾ ਵਿਸ਼ੇਸ ਅਰਥ ਗੁਰਮੰਤਰ ਅਰਥਾਤ ਵਾਹਿਗੁਰੂ ਸ਼ਬਦ ਹੈ। ਸ਼ਬਦ ਗੁਰੂ ਦਾ ਭਾਵ ਸ਼ਬਦ ਸਰੂਪ ਗੁਰੂ ਹੈ। ਦਸ ਗੁਰੂ ਸਾਹਿਬਾਨ ਦੇਹ ਧਾਰੀਕ ਗੁਰੂ ਸਨ। ਦਸਮੇਸ਼ ਪਿਤਾ ਜੀ ਨੇ ਆਪਣੀ ਦਿੱਬ ਦ੍ਰਿਸ਼ਟੀ ਨਾਲ ਜੋ ਤੱਕਿਆ ਉਸ ਨੂੰ ਕਰਨੀ ਵਿੱਚ ਬਦਲਿਆ ਤੇ ਭਵਿੱਖ ਵਿੱਚ ਦੇਹ ਧਾਰੀ ਗੁਰੂ ਪਰੰਪਰਾ ਦੀ ਬਜਾਏ ਸ਼ਬਦ ਗੁਰੂ ਪਰੰਪਰਾ ਲਾਗੂ ਕਰਨ ਦਾ ਨਿਰਣਾ ਲਿਆ। ਇਉਂ ਸ਼ਬਦ ਗੁਰੂ ਦਾ ਪ੍ਰਗਟ ਪਾਹਾਰਾ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਹੈ।


www.AKJ.Org

ਸ਼ਬਦ ਗੁਰੂ ਦਾ ਘਰ, ਦਰ ਜਾਂ ਦੁਆਰਾ ਗੁਰਦੁਆਰਾ ਹੈ ਜਿਹੜਾ ਹਿੰਦੂ, ਮੁਸਲਿਮ, ਸਿੱਖ, ਈਸਾਈ ਤੇ ਵਿਸ਼ਵ ਦੇ ਹੋਰ ਸਾਰੇ ਧਰਮਾਂ ਦੇ ਪੈਰੋਕਾਰਾਂ ਲਈ ਖੁੱਲਾ ਹੈ। ਯੋਗ ਸਤਿਕਾਰ ਤੇ ਗੁਰ ਮਰਿਆਦਾ ਦਾ ਪਾਲਣ ਕਰਨਾ ਹਰ ਹਾਲਤ ਵਿੱਚ ਲਾਜ਼ਮੀ ਹੈ ਪਰ ਦਰਸ਼ਨ, ਪਰਸਨ, ਸੇਵਾ ਕਰਨ ਤੇ ਪ੍ਰਸ਼ਾਦ ਕਰਾਉਣ ਲਈ ਕਿਸੇ ਉੱਤੇ ਪਾਬੰਦੀ ਜਾਂ ਬੰਦਸ਼ ਨਹੀਂ ਹੈ। ਇਤਿਹਾਸ ਗਵਾਹ ਹੈ ਕਿ ਹਰਿਮੰਦਰ ਸਾਹਿਬ ਦੀ ਉਸਾਰੀ ਸਮੇਂ, ਇਸ ਦੀ ਨੀਂਵ ਮੁਸਲਮਾਨ ਫਕੀਰ ਮੀਆਂ ਮੀਰ ਦੁਆਰਾ ਰੱਖੀ ਗਈ ਸੀ। ਸ੍ਰੀ ਦਰਬਾਰ ਸਾਹਿਬ ਦੇ ਚਾਰੇ ਪਾਸਿਆਂ ਦੇ ਚਾਰ ਦਰਵਾਜ਼ੇ ਆਨ ਧਰਮਾਂ ਲਈ ਖੁੱਲ ਦਿਲੀ ਦੇ ਸੂਚਕ ਹਨ। ਵਿਸ਼ਵ ਭਰ ਦੇ ਯਾਤਰੂਆਂ ਨੂੰ ਇਸ ਪਾਵਨ ਅਸਥਾਨ ਦੀ ਧਰਤੀ ਨੂੰ ਨਮਸਕਾਰ ਕਰਨ, ਸੀਸ ਨਿਵਾਉਣ ਤੇ ਸ਼ਰਧਾ ਪ੍ਰਗਟਾਉਣ ਦਾ ਅਵਸਰ ਪ੍ਰਾਪਤ ਹੁੰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਹਦ ਗ੍ਰੰਥ ਹਨ ਜਿਨ੍ਹਾਂ ਵਿੱਚ ਵੱਖ-ਵੱਖ ਧਰਮਾਂ ਨਾਲ ਸੰਬੰਧਤ ਅਨੇਕ ਨਾਮ ਵਰਤੇ ਗਏ ਹਨ। ਰਾਮ, ਰਹੀਮ, ਗੋਪਾਲ, ਗੋਬਿੰਦ, ਅੱਲਾ, ਮੌਲਾ, ਰੱਬ ਖੁਦਾ, ਭਗਵਾਨ, ਬੀਠਲਾ ਆਦਿਕ ਪ੍ਰਭੂ ਦਾ ਨਾਮ ਸ਼ਬਦ-ਗੁਰੂ ਦੇ ਸਰੂਪ ਨੂੰ ਜਗਤ ਦਾ ਸਾਂਝਾ ਗੁਰੂ ਦ੍ਰਿਸਟਾਉਂਦੇ ਹਨ। ਸਾਰੀ ਮਨੁੱਖਤਾ ਦਾ ਇਕੋ ਇਕ ਇਸ਼ਟ ਸਤਿਨਾਮ 'ਤੇਰਾ ਪਰਾ ਪੂਰਬਲਾ ਹੈ। ਜਿਨ੍ਹਾਂ ਦਾ ਬਾਪ ਇਕੋ ਹੁੰਦਾ ਹੈ, ਉਹ ਆਪਸ ਵਿੱਚ ਭਰਾ ਲੱਗਦੇ ਹਨ। ਜੇ ਇਹ ਉਪਦੇਸ਼ ਇਨਸਾਨ ਦੇ ਹਿਰਦੇ ਵਿੱਚ ਦ੍ਰਿੜ੍ਹ ਹੋ ਜਾਵੇ ਤਾਂ ਇਨਸਾਨੀਅਤ ਦੇ ਸੁੱਤੀ ਭਾਵਨਾ ਜਾਗ ਉਠੇ। *ਏਕੁ ਪਿਤਾ, ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ*'' (੬੧੧) ਪੰਚਮ ਪਾਤਸ਼ਾਹ ਦਾ ਵਿਸ਼ਵ ਲਈ ਖਾਸ ਸੰਦੇਸ਼ ਹੈ।

ਸਰੀਰ ਦੇ ਕਿਸੇ ਅੰਗ ਵਿਚ ਦਰਦ ਹੋਵੇ ਤਾਂ ਜਿਹਬਾ ਕੁਰਲਾਉਂਦੀ ਹੈ। ਇਹ ਸਾਰੇ ਅੰਗਾਂ ਦੀ ਏਕਤਾ ਤੇ ਅਖੰਡਤਾ ਕਰਕੇ ਹੈ। ਜਦ ਸਾਰਾ ਸੰਸਾਰ ਈਰਖਾ, ਦੁਬਿਧਾ, ਜ਼ੁਲਮ, ਪਾਪ ਤੇ ਵਿਸ਼ਿਆਂ ਦੀ ਅਗਨੀ ਵਿੱਚ ਗ੍ਰਸਿਆ ਸੀ ਤਾਂ ਉਸ ਦਾ ਦਰਦ ਸਤਿਗੁਰੂ ਨਾਨਕ ਦੇਵ ਜੀ ਨੇ ਅਨੁਭਵ ਕੀਤਾ ਸੀ। ਆਪ ਜੀ ਨੇ ਅੰਤਰਮੁਖੀ ਦ੍ਰਿਸਟੀ ਦੁਆਰਾ ਸਾਰੀ ਪ੍ਰਿਥਵੀ ਜਲਦੀ ਬਲਦੀ ਤੱਕੀ ਤੇ ਹਾਹਾ ਕਾਰ ਕਰਦੀ ਸੁਣੀ ਭੀ। ਪਰਾਇਆ ਦੁੱਖ ਨਿਵਾਰਨ ਲਈ ਤਿਆਗ ਤੇ ਕੁਰਬਾਨੀ ਦੀ ਜ਼ਰੂਰਤ ਹੁੰਦੀ ਹੈ। ਆਪ ਜੀ ਦੁਆਰਾ ਘਰ ਬਾਰ ਦੇ ਸਾਰੇ ਸੁੱਖ, ਆਰਾਮ ਤਿਆਗ ਕੇ ਵਿਸ਼ਵ ਨੂੰ ਨਾਮ ਦੀ ਠੰਢਕ ਪਹੁੰਚਾਉਣ ਲਈ ਉਦਾਸੀ ਬਾਣਾ ਧਾਰਨ ਕਰਨਾ ਮਨੁੱਖੀ ਏਕਤਾ ਤੇ ਠੋਸ ਹਮਦਰਦੀ ਦਾ ਜ਼ਾਹਰ ਸਬੂਤ ਹੈ।

ਦੈਵੀ ਗੁਣਾਂ ਦੀ ਸਾਂਝ ਧਰਮਾਂ ਵਿੱਚ ਏਕਤਾ ਵਧਾਉਂਦੀ ਹੈ, ਜਦ ਕਿ ਇਸ ਦੀ ਘਾਟ, ਨਫਰਤ, ਦ੍ਵੈਤ ਤੇ ਈਰਖਾ ਨੂੰ ਜਨਮ ਦਿੰਦੀ ਹੈ। ਤੰਗਦਿਲੀ ਤੇ ਖੁਦਗਰਜ਼ੀ ਨੇ ਕਈ ਕਿਸਮ ਦੇ ਬਖੇੜੇ ਤੇ ਪਾੜੇ ਪੈਦਾ ਕਰ ਦਿੱਤੇ। ਹਜ਼ੂਰ ਨੇ ਮਨੁੱਖੀ ਏਕਤਾ ਲਈ ਪਿਆਰ, ਹਮਦਰਦੀ, ਸਹਿਨਸ਼ੀਲਤਾ ਤੇ ਧਾਰਮਕ ਉਦਾਰਤਾ ਜੈਸੇ ਰੱਬੀ ਗੁਣਾਂ ਨੂੰ ਧਰਮ ਦੇ ਖੇਤਰ ਵਿੱਚ ਲਿਆਂਦਾ। ਇਸ ਪ੍ਰਤੀ ਸ੍ਰੀ ਗੁਰੂ ਅਮਰਦਾਸ ਜੀ ਦੇ ਬਚਨ ਹਨ।

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥
ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥

ਸਲੋਕ ਮਹਲਾ ੩ (ਬਿਲਾਵਲ ਕੀ ਵਾਰ) ੮੫੩)

ਭਗਤਾਂ ਦੀ ਸ਼੍ਰੇਣੀ ਵਿਚੋਂ ਭਗਤ ਕਬੀਰ ਜੀ ਨੇ ਅਥਾਹ ਖੁੱਲਦਿੱਲੀ ਤੇ ਸਮਦ੍ਰਿਸ਼ਟੀ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਦਾ ਧਰਮ ਵਾਸਤਵ ਵਿੱਚ ਇਨਸਾਨੀਅਤ ਦਾ ਧਰਮ ਸੀ। ਉਨ੍ਹਾਂ ਦੀ ਆਪਣੀ ਬਾਣੀ ਤੋਂ ਕਦੇ ਹਿੰਦੂ ਹੋਣ ਦਾ ਤੇ ਕਿਤੇ ਮੁਸਲਮਾਨ ਹੋਣ ਦਾ ਸੰਕੇਤ ਮਿਲਦਾ ਹੈ। ਉਨ੍ਹਾਂ ਨੇ ਪ੍ਰਭੂ ਨੂੰ ਵੱਖ ਵੱਖ ਨਾਮ ਨਾਲ ਵੀ ਬਖਾਨਿਆ ਹੈ ਤੇ ਸ਼ਦਾਵਲੀ ਦਾ ਪ੍ਰਯੋਗ ਵੀ ਉਸੇ ਅਨੁਸਾਰ ਕੀਤਾ ਹੈ।

ਪ੍ਰਭਾਤੀ ਕਬੀਰ ਜੀਉ॥
ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥


www.AKJ.Org

ਲੋਗਾ ਭਰਮਿ ਨ ਭੂਲਹੁ ਭਾਈ॥

ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥(੧੩੪੯)

ਵਰਨਾਂ ਦੀ ਵੰਡ ਨੇ ਭਾਰਤ ਨੂੰ ਰਾਜਨੀਤਕ ਸਮਾਜਿਕ ਤੇ ਧਾਰਮਕ ਖੇਤਰ ਵਿੱਚ ਕਈ ਪੱਖਾਂ ਤੋਂ ਹਾਨੀ ਪਹੁੰਚਾਈ ਹੈ। ਪ੍ਰਮਾਤਮਾ ਦੀ ਬਖਸ਼ੀ ਮਨੁੱਖੀ ਕਾਇਆ ਨੂੰ ਪਸ਼ੂਆਂ ਤੋਂ ਨੀਵਾਂ ਰੱਖਣ ਨਾਲ ਪ੍ਰਤੀਕਰਮ ਤਾਂ ਭੁਗਤਣਾ ਪੈਂਦਾ ਹੀ ਹੈ। ਸ਼ੂਦਰ ਜਾਤੀ ਉਤੇ ਬੰਦਸ਼ਾਂ ਦਾ ਪਹਾੜ ਟੁੱਟਿਆ ਹੋਇਆ ਸੀ। ਉਪਦੇਸ਼ ਲੈਣ ਦੀ ਗੱਲ ਤਾਂ ਦੂਰ ਰਹੀ, ਉਸ ਨੂੰ ਨਾਮ ਜਪਣ ਦਾ ਅਧਿਕਾਰ ਵੀ ਨਹੀਂ ਸੀ। ਇਸ ਸਖਤੀ ਦਾ ਅਨੁਮਾਨ ਇਸ ਤੱਤ ਤੋਂ ਲਗਾਇਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸ ਪੰਡਤ ਨੂੰ ਸਦਾ ਆਦੇਸ਼ ਕਰਨਾ ਸਵੀਕਾਰ ਕੀਤਾ ਜਿਹੜਾ ਚਹੁੰ ਵਰਨਾਂ ਨੂੰ ਉਪਦੇਸ਼ ਦੇਣ ਦੀ ਭਾਵਨਾ ਤੇ ਜੁਰਅਤ ਰੱਖਦਾ ਹੋਵੇ।

ਚਹੁ ਵਰਨਾ ਕਉ ਦੇ ਉਪਦੇਸੁ॥

ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ॥ (ਗਉੜੀ ਸੁਖਮਨੀ ਮਹਲਾ ੫- ਪੰਨਾ ੨੭੪)

ਚਹੁੰ ਵਰਨਾ ਨੂੰ ਖੰਡਨ ਕਰਨ ਤੇ ਸਾਰੀ ਰਚਨਾ ਨੂੰ ਬਰਾਬਰ ਸਮਝਣ ਦੇ ਸਿਧਾਂਤ ਨੂੰ ਅਮਲੀ ਜਾਮਾ ਪਹੁੰਚਾਉਣ ਦਾ ਕਾਰਜ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਹੋ ਚੁੱਕਿਆ ਸੀ। ਭਾਈ ਗੁਰਦਾਸ ਜੀ ਦੀ ਲਿਖਤ ਅਨੁਸਾਰ ਆਪ ਜੀ ਨੇ ਚਾਰੇ ਪੈਰ ਧਰਮ ਦੇ ਚਾਰ ਵਰਨ ਇਕ ਵਰਨ ਕਰਾਇਆ॥ ਉਦਾਸੀਆ ਸਮੇਂ ਮਰਦਾਨਾ ਮਿਰਾਸੀ ਨੂੰ ਆਪਣਾ ਸੰਗੀ ਬਣਾਉਣਾ ਸਾਧਾਰਨ ਗੱਲ ਨਹੀਂ ਸੀ, ਇਹ ਜਬਰਦਸਤ ਸਮਾਜਕ ਸੁਧਾਰ ਦੀ ਅਰੰਭਤਾ ਸੀ। ਨੀਵੇਂ ਤੇ ਦੁਰਕਾਰੇ ਹੋਏ ਪ੍ਰਾਣੀਆਂ ਪ੍ਰਤੀ ਆਪ ਜੀ ਦੀ ਅਥਾਹ ਹਮਦਰਦੀ ਸੀ ਤੇ ਹਜ਼ੂਰ ਨੇ ਪਰਚਾਰ ਕੀਤਾ ਕਿ ਕੋਈ ਮਨੁੱਖ ਜਨਮ ਕਰਕੇ ਨੀਵੀਂ ਜਾਤ ਵਾਲਾ ਨਹੀਂ ਹੈ। ਸ਼ੂਦਰ ਜਾਂ ਸਨਾਤੀ ਜਾਤ ਵਾਲਾ ਉਹ ਪੁਰਖ ਹੈ ਜਿਸ ਦੇ ਮੁੱਖ ਤੇ ਹਿਰਦੇ ਵਿੱਚ ਨਾਮ ਦਾ ਨਿਵਾਸ ਨਹੀਂ ਹੈ। ਪਾਵਨ ਹੁਕਮ ਹੈ।

ਖਸਮੁ ਵਿਸਾਰਹਿ ਤੇ ਕਮਜਾਤਿ॥ ਨਾਨਕ ਨਾਵੈ ਬਾਝੁ ਸਨਾਤਿ॥ (ਆਸਾ ਮਹਲਾ ੧- ਪੰਨਾ ੧੦)

ਸੱਚੇ ਨਾਮ ਦੀ ਐਸੀ ਕਲਾ ਵਰਤੀ ਕਿ ਪਤਿਤ ਜਾਤਿ ਦੇ ਭਗਤਾਂ ਨੇ ਹਰਿ ਕੀਰਤਿ ਦੁਆਰਾ ਉੱਤਮ ਪਦਵੀ ਪ੍ਰਾਪਤ ਕਰ ਲਈ ਤੇ ਸਾਰੇ ਵਰਨਾਂ ਨੂੰ ਖਾਸ ਕਰਕੇ ਉਚੀ ਕੁਲ ਦੇ ਪੰਡਤਾ ਤੇ ਬ੍ਰਾਹਮਣਾਂ ਨੂੰ ਉਨ੍ਹਾਂ ਦੇ ਚਰਨਾਂ ਤੇ ਸੀਸ ਨਿਵਾਉਣਾ ਪਿਆ। ਜ਼ਾਹਰਾ ਤੌਰ ਤੇ ਇਹ ਘਟਨਾ ਰਵਿਦਾਸ ਭਗਤ ਨਾਲ ਵਰਤੀ। ਗੁਰਵਾਕ ਹੈ।

ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ॥

ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ॥ (ਸੂਹੀ ਮਹਲਾ ੪-੭੩੩)

ਨਿਰਸੰਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਂਝੀਵਾਲਤਾ ਦੇ ਸਾਗਰ ਹੋਣ ਦਾ ਰਹਸ ਸਭ ਦੇ ਸਾਂਝੇ ਨਿਰਗੁਣ ਪਰਮਾਤਮਾ ਦੀ ਪੂਜਾ ਤੇ ਸਤਿਨਾਮ ਦਾ ਗੁਣ ਗਾਉਣਾ ਹੈ। ਜਿਥੇ ਸਰਗੁਣ ਰਾਮ ਦੀ ਪੂਜਾ ਹੈ ਉਥੇ ਵਿਤਕਰਾ ਅਵੱਸ਼ ਤੱਕਣ ਵਿੱਚ ਆਵੇਗਾ ਤੇ ਜਿੱਥੇ ਕਰਮ ਕਾਂਡ ਪਰਧਾਨ ਹੈ ਉਥੇ ਗੁਰਮਤਿ ਨਾਮ ਦੀ ਕਦਰ ਕੀਮਤ ਘੱਟ ਜਾਵੇਗੀ। ਅਸੀਂ ਬਹੁਤ ਵਡਭਾਗੇ ਹਾਂ, ਜਿਨ੍ਹਾਂ ਨੂੰ ਦਸਵੇਂ ਨਾਨਕ ਨੇ ਐਸੇ ਸ਼ਬਦ ਗੁਰੂ ਦੇ ਲੜ ਲਾਇਆ ਹੈ, ਜਿਨ੍ਹਾਂ ਦਾ ਪਾਵਨ ਉਪਦੇਸ਼, ਸਮਦ੍ਰਿਸ਼ਟੀ ਦੀ ਨਿਗਾਹ ਬਖਸ਼ ਕੇ ਸਮਾਜ ਦੇ ਨੁਕਰਾਏ ਹੋਏ ਜੀਵਾਂ ਨਾਲ ਹਮਦਰਦੀ ਕਰਨ, ਉਨ੍ਹਾਂ ਦੀ ਸਹਾਇਤਾ ਕਰਨ, ਉਨ੍ਹਾਂ ਨੂੰ ਬਰਾਬਰੀ ਦਾ ਦਰਜਾ ਦੇਣ ਤੇ ਫਰਸ਼ ਤੋਂ ਅਰਸ਼ ਤਕ ਪਹੁੰਚਾਉਣ ਦਾ ਬਿਬੇਕ ਤੇ ਬਲ ਕਰਦਾ ਹੈ।

---


**ਗੁਰਮਤਿ ਸਾਹਿਤ ਨੂੰ ਰੱਦੀ ਵਿਚ ਨਾ ਵੇਚੋ ਜੀ**

*ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ ਸੂਰਾ ਪੱਤਰ ਦੇ ਪੁਰਾਣੇ ਅੰਕ ਅਤੇ ਹੋਰ ਗੁਰਮਤਿ ਸਾਹਿਤ ਰੱਦੀ ਵਿਚ ਵੇਚ ਕੇ ਗੁਰਬਾਣੀ ਦੀ ਬੇ-ਅਦਬੀ ਦੇ ਭਾਗੀ ਨਾ ਬਣੋ ਜੀ ਸਗੋਂ ਇਹ ਸਾਹਿਤ ਹੋਰਨਾ ਲੋਕਾਂ ਨੂੰ ਪੜ੍ਹਾ ਕੇ ਗੁਰਮਤਿ ਪ੍ਰਚਾਰ ਵਿਚ ਹਿੱਸਾ ਪਾਉ ਜੀ ਪੁਰਾਣੇ ਸੂਰਾ ਪੱਤਰ ਜਾਂ ਹੋਰ ਸਾਹਿਤ ਸੂਰਾ ਦਫਤਰ ਜਾਂ ਸਟਾਲ ਤੇ ਵੀ ਪਹੁੰਚਾਇਆ ਜਾ ਸਕਦਾ ਹੈ ਜਿਥੋਂ ਕਿ ਚਾਹਵਾਨ ਸੰਗਤਾਂ ਨੂੰ ਇਹ ਪੁਰਾਣੇ ਅੰਕ ਬਿਲਕੁਲ ਭੇਟਾ ਰਹਿਤ ਦਿੱਤੇ ਜਾਂਦੇ ਹਨ।*





www.AKJ.Org

# ਇੱਕ ਗੁਰਮੁਖ ਮਾਈ

(ਸ: ਵਰਿਆਮ ਸਿੰਘ ਜੀ, ਗਾਂਧੀ ਨਗਰ ਦਿਲੀ)

ਸੰਨ ੧੪੮੭ ਈਸਵੀ ਨੂੰ ਗੁਰੂ ਨਾਨਕ ਦੇਵ ਜੀ, (ਮਾਤਾ) ਸੁਲੱਖਣੀ ਜੀ ਨੂੰ ਵਿਆਹੁਣ ਲਈ ਬਟਾਲੇ ਢੁਕੇ ਸਨ। ਉਨ੍ਹਾਂ ਦੇ ਸਹੁਰਾ ਸਾਹਿਬ, ਬਾਬਾ ਮੂਲ ਚੰਦ ਜੀ, ਵੇਦਿਕ ਰੀਤੀ ਨਾਲ ਵਿਆਹ ਕਰਨਾ ਚਾਹੁੰਦੇ ਸਨ, ਜੋ ਗੁਰੂ ਸਾਹਿਬ ਜੀ ਨੇ ਇਨਕਾਰ ਕਰ ਦਿੱਤਾ ਸੀ। ਗੁਰੂ ਸਾਹਿਬ ਜੋ, ਸੱਚ ਦਾ ਝੰਡਾ ਲੈ ਕੇ ਇਸ ਸੰਸਾਰ ਤੇ ਆਏ ਸਨ, ਉਨ੍ਹਾਂ ਨੇ ਉਸ ਸਮੇਂ ਜੋ ਉੱਤਰ ਦਿੱਤਾ ਸੀ, ਉਹ ਅਸੀਂ ਬਾਬਾ ਸੁੰਦਰ ਸਿੰਘ ਜੀ ਦੀ ਕਲਮ ਤੋਂ ਲਿਖਦੇ ਹਾਂ :-

ਕਹਿੰਦੇ ਗੁਰੂ ਜੀ ਇਕ ਅਕਾਲ ਬਾਝੋਂ, ਦੇਵੀ ਦੇਵਤੇ ਹੋਰ ਨਾ ਮੰਨਦੇ ਹਾਂ।
ਇਕੋ ਮੂਲ ਤਾਈਂ ਪਾਣੀ ਪਾਵੰਦੇ ਹਾਂ, ਸੁਰਤ ਕਰਨਹਾਰੇ ਵਿਚ ਬੰਨ੍ਹਦੇਂ ਹਾਂ।
ਪਾਣੀ ਕੂਮਲੀ ਪਾਏ ਨਾ ਮਿਲੇ ਮੇਵਾ, ਝੂਠੀ ਮੂਰਤੀ ਦੇ ਤਾਈਂ ਭੰਨਦੇ ਹਾਂ।
ਅਸੀਂ ਕਿਸੇ ਦੀ ਆਣ ਨਾ ਕਾਣ ਕਰਨੀ, ਬਣਦੇ ਨਹੀਂ ਪੂਜਕ ਸੂਰਜ ਚੰਨ ਦੇ ਹਾਂ।
ਜਿਸ ਰੀਤ ਕੀਤੇ ਸਾਹਿਬ ਵਿਸਰ ਵਿਛੜੇ ਓਸ ਰੀਤ ਨੂੰ ਸਾੜ ਕੇ ਭੰਨਦੇ ਹਾਂ।
ਸੁੰਦਰ ਸਿੰਘ ਗਨੇਸ਼ ਮਹੇਸ਼ ਵਾਲੇ, ਮੰਤ੍ਰ ਨਹੀਂ ਸੁਣਦੇ ਵਿਚ ਕੰਨ ਦੇ ਹਾਂ।

(ਦਸ ਗੁਰੂ ਜੋਤ ਪ੍ਰਕਾਸ਼ ਪੰਨਾ ੪੩)

ਇਹ ਸੁਣ ਕੇ ਬਾਬਾ ਮੂਲ ਚੰਦ ਜੀ ਨਾਰਾਜ਼ ਹੋ ਗਏ। ਉਨ੍ਹਾਂ ਦੇ ਕੁਝ ਰਿਸ਼ਤੇਦਾਰਾ ਨੇ ਵੀ ਭੜਕਾ ਦਿਤਾ ਕਿ ਤੁਸਾ ਮੁੰਡਾ ਚੰਗਾ ਲੱਭਾ ਹੈ, ਜੋ ਸਾਡੀ ਕਿਸੇ ਰੀਤ ਨੂੰ ਨਹੀਂ ਮੰਨਦਾ। ਬਾਬਾ ਮੂਲ ਚੰਦ ਜੀ ਨੇ ਗੁੱਸਾ ਖਾ ਕੇ ਜੰਞ ਦਾ ਉਤਾਰਾ, ਇਕ ਕੱਚੀ ਕੰਧ ਪਾਸ ਕਰਵਾ ਦਿੱਤਾ, ਜੋ ਡਿਗਣ ਵਾਲੀ ਹੋਈ ਹੋਈ ਸੀ। ਗੁਰੂ ਸਾਹਿਬ ਨੂੰ ਐਨ ਕੰਧ ਥੱਲੇ ਬੈਠਾਇਆ ਗਿਆ। ਖ਼ਿਆਲ ਇਹ ਕੀਤਾ ਕਿ ਕੰਧ ਧੱਕਾ ਦੇ ਕੇ ਮੁੰਡੇ ਉੱਪਰ ਗਿਰਾ ਦਿੱਤੀ ਜਾਏਗੀ। ਇਸ ਤਰ੍ਹਾਂ ਮੁੰਡਾ ਖ਼ਤਮ ਹੋ ਜਾਏਗਾ ਅਤੇ ਅਸੀਂ ਖਪ ਪਾ ਦੇਵਾਂਗੇ ਕਿ ਅਚਾਨਕ ਹਾਦਸਾ ਹੋ ਗਿਆ ਹੈ। ਇਸ ਤਰ੍ਹਾਂ ਅਸੀਂ ਅਜਿਹੇ ਮੁੰਡੇ ਨਾਲ, ਜੋ ਵੈਦਿਕ ਰੀਤੀ ਦੇ ਵਿਰੁੱਧ ਹੈ, ਆਪਣੀ ਲੜਕੀ ਦਾ ਵਿਆਹ ਕਰਨ ਤੋਂ ਬਚ ਜਾਵਾਂਗੇ।

ਕੱਚੀ ਕੰਧ ਦੇ ਪਾਸ ਹੀ ਇਕ ਬੁੱਢੀ ਮਾਈ ਦਾ ਘਰ ਸੀ। ਉਹ, ਬਾਬਾ ਮੂਲ ਚੰਦ ਦੀ ਸਾਰੀ ਚਾਲ ਸਮਝ ਗਈ। ਗੁਰੂ ਸਾਹਿਬ ਨੂੰ ਲਗਾਤਾਰ ਦੇਖੀ ਜਾ ਰਹੀ ਸੀ ਅਤੇ ਉਸ ਦਾ ਮਨ ਪਸੀਜ ਗਿਆ ਤੇ ਵਿਚਾਰਨ ਲਗੀ, "ਹੈਂ ! ਇਤਨਾ ਸੋਹਣਾ ਨੀਂਗਰ ਮਾਰ ਦਿੱਤਾ ਜਾਏਗਾ ? ਇਹ ਕਦੀ ਨਹੀਂ ਹੋਏਗਾ। ਮੈਂ ਜ਼ਰੂਰ ਬਚਾਉਣ ਦੀ ਕੋਸ਼ਿਸ਼ ਕਰਾਂਗੀ। ਉਸ ਨੇ ਗੁਰੂ ਸਾਹਿਬ ਨੂੰ ਕਿਹਾ- "ਕਾਕਾ ਜੀ ! ਇਹ ਕੰਧ ਡਿਗਣ ਵਾਲੀ ਹੈ। ਇਥੋਂ ਉਠ ਖਲੋਵੋ। ਮੇਰੇ ਘਰ ਚਲੋ। ਜੰਞ ਵੀ ਨਾਲ ਲੈ ਚਲੋ। ਮੈਂ ਤੁਹਾਡੀ ਸਾਰਿਆਂ ਦੀ ਸੇਵਾ ਕਰਾਂਗੀ।

ਮਾਈ ਪਾਸੋਂ ਇਹ ਹਮਦਰਦੀ ਤੇ ਪਿਆਰ ਵਾਲੇ ਲਫ਼ਜ਼ ਸੁਣ ਕੇ ਗੁਰੂ ਸਾਹਿਬ ਜੀ, ਮਿਹਰਾਂ ਦੇ ਘਰ ਆਏ। ਉਨ੍ਹਾਂ ਨੇ ਅਜਿਹੀ ਤੱਕਣੀ ਨਾਲ ਤਕਿਆ ਕਿ ਮਾਈ ਨਦਰੀ ਨਦਰ ਨਿਹਾਲ ਹੋ ਗਈ। ਉਸ ਦੇ ਜਨਮ ਜਨਮਾਂਤਰਾਂ ਦੇ ਬੰਧਨ ਕਟੇ ਗਏ। ਰੋਮ ਰੋਮ ਠਰ ਗਿਆ। ਗੁਰੂ ਸਾਹਿਬ, ਉਸ ਨੂੰ ਕੋਈ ਮਹਾਨ ਔਲੀਆ ਨਜ਼ਰ ਆਏ। ਗੁਰੂ ਸਾਹਿਬ ਨੇ ਮਾਈ ਨੂੰ ਉੱਤਰ ਦਿੱਤਾ-"ਮਾਈ ! ਇਹ ਕੰਧ ਨਹੀਂ ਡਿਗੇਗੀ। ਇਹ ਸਾਡੇ ਵਿਆਹ ਦੀ ਅਮਰ ਯਾਦਗਾਰ ਕਾਇਮ ਰਹੇਗੀ। ਅਸੀਂ ਇਥੇ ਹੀ ਅਕਾਲ ਪੁਰਖ ਦੇ ਭਾਣੇ ਵਿਚ ਖੁਸ਼ ਹਾਂ।"

ਇਹ ਸੁਣ ਕੇ ਮਾਈ, ਜਿਸ ਨੂੰ ਹੁਣ ਗੁਰਮੁਖ ਮਾਈ ਕਹਿਣਾ ਜ਼ਿਆਦਾ ਵਾਜਬ ਹੈ, ਉਸ ਦੇ ਹਿਰਦੇ ਵਿਚ ਗੁਰੂ ਸਾਹਿਬ ਦੀ ਸੇਵਾ ਕਰਨ ਦਾ ਚਾਉ ਪਹਿਲੋਂ ਤੋਂ ਵੀ ਜ਼ਿਆਦਾ ਉਪਜਿਆ। ਜੇ ਇਹ ਮੇਰੇ ਘਰ ਆਉਣਾ ਨਹੀਂ ਮੰਨਦੇ ਤਾਂ ਮੈਂ ਇਥੇ ਬੈਠਿਆਂ ਹੀ ਤਾਂ ਇਨ੍ਹਾਂ ਦੀ ਸੇਵਾ ਕਰ ਸਕਦੀ ਹਾਂ। ਉਹ ਫੌਰਨ ਘਰ


www.AKJ.Org

ਗਈ। ਆਪਣੇ ਪੁੱਤਰ ਮਿਹਰ ਚੰਦ ਨੂੰ ਨਾਲ ਲਿਆ। ਫਿਰ ਦੋਹਾਂ ਮਾਂ ਪੁੱਤਰਾਂ ਨੇ ਕਿਵੇਂ ਸੇਵਾ ਨਿਭਾਉਣੀ ਸ਼ੁਰੂ ਕੀਤੀ ? ਗਿਆਨੀ ਉਤਮ ਸਿੰਘ ਪਾਤਰ ਲਿਖਦੇ ਹਨ ਕਿ ਸਲ੍ਹਾਬੇ ਕਰਕੇ ਵਿਛੀਆਂ ਹੋਈਆਂ ਦਰੀਆਂ ਗੜੁੱਚ ਹੋ ਗਈਆਂ ਸਨ। ਸੇਵਾ ਦਾ ਮੌਕਾ ਜਾਣ ਕੇ ਮਿਹਰ ਚੰਦ ਨੇ ਅੰਦਰੋਂ ਛਾਪੇ ਹੋਏ ਅੰਬਰੇ, ਚਾਦਰਾਂ, ਪਲੰਘ-ਪੋਸ਼, ਦਰੀਆਂ ਖੇਸ ਸਭ ਲਿਆ ਕੇ ਵਿਛਾ ਦਿਤੇ। ਉਸ ਦੀ ਮਾਤਾ (ਹਜ਼ੂਰ) ਲਾੜੇ ਨੂੰ ਪੱਖਾ ਝੱਲਦੀ ਰਹੀ, ਕਿਉਂਕਿ ਹੁਸੜ ਬੜਾ ਸੀ। (ਬਖਸ਼ਿੰਦ ਨਾਨਕ, ਪੰਨਾ ੨੭)

ਇਹ ਮਹਾਨ ਤੇ ਉਚੇ ਦਰਜੇ ਵਾਲੀ ਸੇਵਾ ਦੇਖ ਕੇ ਗੁਰੂ ਸਾਹਿਬ ਉਨ੍ਹਾਂ ਤੇ ਬਹੁਤ ਪ੍ਰਸੰਨ ਹੋਏ। ਦੋਹਾ ਮਾ ਪੁੱਤਰਾਂ ਨੂੰ ਕਹਿਓ ਨੇ, "ਧੰਨ ਆਪ ਦਾ ਪਿਆਰ ! ਅਕਾਲ ਪੁਰਖ ਦੀਆਂ ਬਖਸ਼ਸ਼ਾਂ ਹੋਣ !"

ਮਾਂ ਪੁੱਤਰਾਂ ਨੇ ਹਥ ਜੋੜ ਕੇ ਬਿਨੈ ਕੀਤੀ, "ਦਾਤਾ ਜੀ ! ਜੇ ਤੁਠੇ ਹੋ ਤਾਂ ਅਕਾਲ ਪੁਰਖ ਦੇ ਲੜ ਲਾ ਦਿਓ। ਲੁੜੀਂਦੀਆ ਦੁਨਿਆਵੀ ਸ਼ੈਆਂ ਤਾਂ ਆਪ ਦੀ ਬਖਸ਼ਸ਼ ਨਾਲ ਪ੍ਰਾਪਤ ਹਨ।"

ਗੁਰੂ ਸਾਹਿਬ -ਤੁਸੀਂ ਧੰਨ ਅਤੇ ਧੰਨ ਤੁਹਾਡਾ ਪਿਆਰ ! ਤੁਸਾਂ ਨੇ ਉਹ ਸ਼ੈਅ ਮੰਗੀ ਹੈ, ਜੋ ਕੋਈ ਵਿਰਲਾ ਭਗਤ-ਜਨ ਹੀ ਮੰਗ ਸਕਦਾ ਹੈ। ਅੱਛਾ, ਜਿਥੇ ਤੁਸੀਂ ਵਾਹਿਗੁਰੂ ਦੇ ਪਿਆਰ ਵਿਚ ਰੰਗੇ ਜਾਉਗੇ, ਉਥੇ ਤੁਹਾਨੂੰ ਮਾਇਆ ਦੀ ਤੋਟ ਵੀ ਨਹੀਂ ਆਏਗੀ।

ਗੁਰੂ ਸਾਹਿਬ ਪਾਸੋਂ ਇਹ ਸ਼ੁਭ ਅਸੀਸਾਂ ਸੁਣ ਕੇ ਦੋਹਾਂ ਮਾਂ ਪੁੱਤਰਾਂ ਨੇ ਉਨ੍ਹਾਂ ਦੇ ਚਰਨਾਂ ਵਿਚ ਸਿਰ ਝੁਕਾ ਦਿਤਾ, ਅਤੇ ਉਨ੍ਹਾਂ ਨੂੰ ਅਜਿਹੀ ਵਿਸਮਾਦੀ ਦਸ਼ਾ ਵਿਆਪੀ ਜੋ ਕਥਨ ਤੋਂ ਬਾਹਰ ਹੈ।

ਇਧਰ ਬਾਬਾ ਮੂਲ ਚੰਦ ਨੇ ਗੁਰੂ ਸਾਹਿਬ ਉਤੇ ਕੰਧ ਗਿਰਾਉਣ ਦਾ ਇਰਾਦਾ ਕੀਤਾ ਸੀ। ਹੁਣ ਉਸ ਨੇ ਮੌਕਾ ਦੇਖ ਕੇ ਇਸ ਨੂੰ ਅਮਲੀ ਜਾਮਾ ਪਹਿਨਾਉਣ ਦੀ ਕੋਸ਼ਿਸ਼ ਕੀਤੀ। ਆਪਣੇ ਕੁਝ ਆਦਮੀਆਂ ਨੂੰ ਇਸ਼ਾਰਾ ਕੀਤਾ ਕਿ ਕੰਧ ਨੂੰ ਧੱਕਾ ਦਿਉ। ਉਨ੍ਹਾਂ ਆਦਮੀਆਂ ਨੇ ਕੰਧ ਨੂੰ ਧੱਕਾ ਦੇਣਾ ਸ਼ੁਰੂ ਕੀਤਾ। ਬਥੇਰਾ ਜ਼ੋਰ ਲਾਇਆ, ਪਰ ਕੰਧ ਟਸ ਤੋਂ ਮਸ ਨ ਹੋਈ ਅਤੇ ਆਪਣੀ ਜਗ੍ਹਾ ਤੋਂ ਜ਼ਰਾ ਨ ਹਿਲੀ। ਇਉਂ ਹੋ ਗਈ ਜਿਉਂ ਕੋਈ ਮਜ਼ਬੂਤ ਲੋਹਾ ਧਰਤੀ ਵਿਚ ਗਡਿਆ ਹੁੰਦਾ ਹੈ।

ਬਾਬਾ ਮੂਲ ਚੰਦ ਜੀ, ਗੁਰੂ ਸਾਹਿਬ ਦੀ ਜ਼ਾਹਰਾ ਕਰਾਮਾਤ ਦੇਖ ਕੇ ਝੁਕ ਗਏ ਅਤੇ ਉਨ੍ਹਾਂ ਦੇ ਚਰਨਾਂ ਵਿਚ ਪੁਜ ਕੇ ਬੇਨਤੀ ਕੀਤੀ - "ਪ੍ਰਭੂ ਦੇ ਪਿਆਰੇ ਜੀਉ, ਮੈਥੋਂ ਅਵੱਗਿਆ ਹੋਈ ਹੈ। ਮੈਂ ਆਪ ਦੀ ਸਾਰ ਨਹੀਂ ਸੀ ਜਾਣੀ। ਮੈਨੂੰ ਹੁਣ ਸੋਝੀ ਆਈ ਹੈ ਕਿ ਤੁਸੀਂ ਸਾਹਿਬੇ ਕਰਾਮਾਤ ਹੋ। ਮੇਰੀਆਂ ਭੁਲਾਂ ਬਖਸ਼ ਦਿਉ। ਜਿਸ ਤਰ੍ਹਾਂ ਤੁਸੀਂ ਚਾਹੁੰਦੇ ਹੋ, ਉਸੇ ਤਰ੍ਹਾਂ ਵਿਆਹ ਕਰਾ ਦਿੰਦੇ ਹਾਂ।"

ਗੁਰੂ ਸਾਹਿਬ ਮੁਸਕਰਾਏ ਅਤੇ ਵਿਆਹ ਕਰਨਾ ਸਵੀਕਾਰ ਕਰ ਲਿਆ।

ਇਹ ਵਿਆਹ ਕਿਵੇਂ ਹੋਇਆ ? ਇਤਿਹਾਸ ਵਿਚ ਜ਼ਿਕਰ ਆਇਆ ਹੈ ਕਿ ਅੰਮ੍ਰਿਤੁ ਵੇਲੇ ਇਸ਼ਨਾਨ ਸੋਧਨੇ ਪਿਛੋਂ ਗੁਰੂ ਸਾਹਿਬ ਨੇ ਇਹ ਚੀਜ਼ਾਂ ਲਿਆਉਣ ਲਈ ਹਦਾਇਤ ਕੀਤੀ। ਇਕ ਚੰਦਨ ਦੀ ਚੌਂਕੀ, ਦੋ ਸਾਫ਼ ਰੁਮਾਲ, ਧੂਪ, ਫੁੱਲ, ਇਕ ਕਾਗਜ਼ ਅਤੇ ਕਲਮ ਦਵਾਤ। ਜਦੋਂ ਇਹ ਚੀਜ਼ਾਂ ਆ ਗਈਆਂ ਤਾਂ ਗੁਰੂ ਸਾਹਿਬ ਨੇ ਕਾਗਜ਼ ਤੇ ਮੂਲ ਮੰਤਰ "ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ" ਲਿਖਿਆ। ਫਿਰ ਇਹ ਕਾਗਜ਼, ਚੌਂਕੀ ਤੇ ਰੁਮਾਲ ਵਿਛਾ ਕੇ ਉੱਪਰ ਟਿਕਾ ਦਿੱਤਾ ਅਤੇ ਉਸ ਉਤੇ ਦੂਜਾ ਰੁਮਾਲ ਰਖ ਦਿੱਤਾ। ਫਿਰ ਧੂਪ ਅਤੇ ਫੁੱਲ ਚੜ੍ਹਾ ਕੇ ਨਮਸਕਾਰ ਕੀਤੀ। ਇਸ ਤੋਂ ਬਾਅਦ (ਮਾਤਾ) ਸੁਲੱਖਣੀ ਜੀ ਨੂੰ ਲਿਆ ਕੇ ਖੱਬੇ ਪਾਸੇ ਬੈਠਾਇਆ ਗਿਆ।

ਗੁਰੂ ਸਾਹਿਬ ਦਾ ਪੱਲਾ (ਮਾਤਾ) ਸੁਲੱਖਣੀ ਜੀ ਨੂੰ ਫੜਾਇਆ ਗਿਆ ਅਤੇ ਦੋਹਾਂ ਜੀਆਂ ਨੂੰ ਮੂਲ ਮੰਤਰ ਗਿਰਦ ਚਾਰ ਲਾਵਾਂ (ਪਰਕਰਮਾਂ) ਲਈਆਂ ਅਤੇ ਅਰਦਾਸ ਬੇਨਤੀ ਕਰਕੇ ਮੱਥਾ ਟੇਕ ਦਿੱਤਾ।*

ਇਸ ਤਰਾਂ ਗੁਰੂ ਸਾਹਿਬ ਦਾ ਵਿਆਹ, (ਮਾਤਾ) ਸੁਲੱਖਣੀ ਜੀ ਨਾਲ ਹੋਇਆ। ਕੱਚੀ ਕੰਧ ਵਾਲੀ ਥਾਂ ਤੇ ਬਾਅਦ ਵਿਚ ਧਰਮਸਾਲਾ ਕਾਇਮ ਹੋਈ। ਗੁਰਮੁਖ ਮਾਈ ਅਤੇ ਉਸ ਦਾ ਪੁੱਤਰ, ਮਿਹਰ ਚੰਦ ਧਰਮਸਾਲਾ

(ਬਾਕੀ ਪੰਨਾ ੨੦ ਤੇ ..)



www.AKJ.Org

# ਕਿੱਥੇ ਹੈ ਅਜ ਉਹ ਖਾਲਸਾ ?

(ਪ੍ਰਿੰ: ਹਰਭਜਨ ਸਿੰਘ ਜੀ )

ਵੈਸੇ ਤਾਂ ਕਾਲ ਦੇ ਅਰੁਕਵੇਂ ਵੇਗ ਅਥਵਾ ਚੱਕਰ ਵੱਸ. ਕੁਦਰਤ ਦੀ ਅਟੱਲ ਮਰਯਾਦਾ ਅਨਕੂਲ. ਸ੍ਰਿਸ਼ਟੀ ਦੇ ਅਰੰਭ ਤੋਂ ਹੀ ਹਰ ਵਰਸ਼ ਮਾਹ 'ਵਸਾਖ ਭਲਾ' ਆਉਂਦਾ. 'ਸਾਖਾ' ਨੂੰ ਨਵੇਂ ਵੇਸ ਧਾਰਨ ਕਰਾਉਂਦਾ ਤੇ ਵੈਸਾਖੀ ਦੇ ਮੌਸਮੀ ਤਿਉਹਾਰ ਨੂੰ ਲੋਕਾਂ ਦੇ ਚਾਵਾਂ ਮਲ੍ਹਾਰਾਂ ਤੇ ਨਵੀਆਂ ਤਰੰਗਾਂ ਉਮੰਗਾ ਦਾ ਕਾਰਨ ਬਣਾਉਂਦਾ ਚਲਿਆ ਆ ਰਿਹਾ ਹੈ ਪਰੰਤੂ ਸੰ: ੧੭੫੬ ਦੀ ਵਿਸਾਖੀ ਦਾ ਇਤਿਹਾਸਕ ਦਿਹਾੜਾ ਸੰਸਾਰ ਦੇ ਇਤਿਹਾਸ ਵਿਚ ਵਿਸ਼ੇਸ ਮਹਾਨਤਾ ਰਖਦਾ ਹੈ। ਇਸੇ ਪਾਵਨ ਦਿਵਸ 'ਪਰਮ ਪੁਰਖ ਦੇ ਦਾਸ' ਤੇ ਪ੍ਰਭੂ ਦੇ ਨਿਵਾਜੇ ਸੁਤ' ਨੇ ਸੰਸਾਰ ਨੂੰ ਖਾਲਸੇ ਦੇ ਰੂਪ ਵਿਚ 'ਪੂਰਨ ਮਨੁੱਖ' ਦੀ ਉਹ ਮਹਾਨ ਤੇ ਅਮੁਲੀਕ ਦਾਤ ਦੇਣ ਦਾ ਉਪਕਾਰ ਕੀਤਾ ਸੀ ਜਿਸ ਦੇ ਧਰਮ ਤੇ ਕੇਵਲ ਧਰਮ ਦੀ ਬੁਨਿਆਦ ਉਤੇ ਨਾ ਕੇਵਲ ਧਾਰਮਿਕ ਸਗੋਂ ਸਮਾਜਕ ਤੇ ਰਾਜਨੀਤਕ ਆਸ਼ਿਆਂ ਆਦਰਸ਼ਾਂ ਨੂੰ ਅਪਣਾਏ ਬਿਨਾਂ 'ਜਲੰਦੇ ਜਗਤ' ਦੀ ਕਲਿਆਨ ਹੋਣੀ ਕਦਾਚਿਤ ਸੰਭਵ ਨਹੀਂ।

ਇਹ ਉਪਰੋਕਤ ਸ਼ਬਦ ਅੰਕਤ ਕਰਨ ਸਮੇਂ ਮਨ ਵਿਚ ਜਿਥੇ ਇਕ ਪਰਮ ਖੇੜਾ ਮਾਨ ਅਤੇ ਸ਼ੁਕਰਾਨਾ ਆ ਪਰਵੇਸ਼ ਕਰਦਾ ਹੈ. ਉਥੇ ਬੇਬਸੀ ਤੇ ਨਿਰਾਸਤਾ-ਭਰਪੂਰ ਉਦਾਸੀ ਦੀ ਇਕ ਨਿੰਮੀ ਜਹੀ ਲਹਿਰ ਵੀ ਵਗ ਤੁਰਦੀ ਹੈ. ਖੇੜਾ. ਫਖਰ ਤੇ ਸ਼ੁਕਰਾਨਾ ਇਸ ਲਈ ਕਿ ਸਿਖ ਧਰਮ ਹਰ ਯੁਗ ਦਾ ਧਰਮ ਹੈ ਅਤੇ ਖਾਸ ਕਰਕੇ ਵਰਤਮਾਨ ਵਿਗਿਆਨਕ ਯੁਗ ਦਾ ਅਤੇ 'ਖਾਲਸਾ ਉਨ੍ਹਾਂ ਅਦੁਤੀ ਤੇ ਸਦੀਵੀ ਗੁਣਾਂ ਦਾ ਧਨ. ਤੇ ਲਖਾਇਕ ਹੈ ਜੋ ਈਰਖਾ ਤੇ ਦ੍ਵੈਖ ਵਿਚ ਸੜ ਰਹੇ ਸੰਸਾਰ ਨੂੰ ਪ੍ਰੀਤ ਸਾਂਝੀਵਾਲਤਾ ਦੀ ਮਾਲਾ ਵਿਚ ਪਰੋ ਕੇ 'ਬੇਗਮ-ਪੁਰੇ' ਵਿਚ ਬਦਲ ਸਕਦੇ ਹਨ। ਉਦਾਸੀ ਇਸ ਲਈ ਕਿ ਦਿਨੋ ਦਿਨ ਸਾਡੀ 'ਸਿਫਤ' ਖਾਲਸਾ ਹੋਣ ਦੀ ਥਾਂ ਵਧੇਰੇ ਕਰਕੇ 'ਨਾਂ' ਹੀ ਖਾਲਸਾ ਹੁੰਦਾ ਜਾ ਰਿਹਾ ਹੈ। ਕੀ ਈਰਖਾ, ਦ੍ਵੈਖ ਤੇ ਹੰਗਤਾ ਦੀ ਅਗ ਜਲ ਰਹੀ ਸ੍ਰਿਸ਼ਟੀ ਨੂੰ ਸੇਵਾ. ਸਿਮਰਨ ਤੇ ਸਮਾਨਤਾ ਦੀ ਸੀਤਲਤਾ ਨਾਲ ਠਾਰਨ ਵਾਲਾ ਅਤੇ ਇਸ ਦੇ ਕਲਿਆਨਕਾਰੀ ਹੋਣ ਦਾਂ ਨਾਂ ਕੇਵਲ ਦਾਅਵਾ ਸਗੋਂ ਜ਼ਿੰਮੇਵਾਰੀ ਲੈਣ ਵਾਲਾ ਖਾਲਸਾ ਅਜ ਆਪ ਹੀ ਪਿਉ ਦਾਦੇ ਦੇ ਖਜ਼ਾਨੇ ਨਾਲ ਮਾਲਾ ਮਾਲ ਤੇ ਸਰਸਾਰ ਹੈ ਜੁ ਇਸ ਤੋਂ ਹੋਰ ਕੋਈ ਵਿਰਵੀ ਆਤਮਾ ਵਰੋਸਾਉਣ ਜਾ ਆਤਮ-ਛੋਹ ਪ੍ਰਾਪਤ ਕਰਨ ਦੀ ਲਾਲਸਾ ਕਰ ਸਕੇ ? ਜਿਵੇਂ ਜਿਵੇਂ ਪ੍ਰਸ਼ਨ ਦਾ ਈਮਾਨਦਾਰਾਨਾ ਉਤਰ ਲਭਣ ਲਈ ਸ੍ਵੈ-ਪੜਚੋਲ ਕਰੀਦੀ ਏ ਤਿਵੇਂ ਤਿਵੇਂ ਅੰਦਰਲਾ ਆਪਣੇ ਆਪ ਨੂੰ ਹੀ ਬਾਰ ਬਾਰ ਇਹ ਪੁੱਛਣ ਲਈ ਮਜਬੂਰ ਹੁੰਦਾ ਹੈ ਕਿ-

ਕਿੱਥੇ ਅਜ ਉਹ ਖਾਲਸਾ ਜਿਸ ਨੂੰ ਪੂਰਨ ਮਨੁੱਖ ਦੇ ਨਿਰਮਲ ਸਾਂਚੇ ਵਿਚ ਢਾਲਣ ਲਈ ਇਕ ਨਹੀਂ ਪੂਰੇ ਦਸਾਂ ਕਾਮਲ ਮੁਰਸ਼ਦਾਂ ਨੇ ਦੋ ਸੌ ਤੀਹ ਸਾਲ ਜਫਰ ਜਾਲੇ. ਘਾਲਾਂ ਘਾਲੀਆ ਤੇ ਤਾਂ ਜਾ ਕੇ ਕਿਤੇ ਸੰਮਤ ੧੭੫੬ ਦੀ ਸੁਭਾਗ ਵੈਸਾਖੀ ਦੇ ਪਾਵਨ ਦਿਨ ਦਸਵੇਂ ਨਾਨਕ ਨੇ ਆਪਣੇ ਨਿੱਜ ਸਰੂਪ ਤੋਂ ਇਸ ਨੂੰ ਮੂਰਤੀਮਾਨ ਕੀਤਾ; ਇਸ ਦੀ ਸੰਪੂਰਨਤਾ ਲਈ ਪੰਜਵੇਂ ਨਾਨਕ ਤੱਤੀਆਂ ਤਵੀਆ ਉਤੇ ਬੈਠੇ. ਦੇਗਾਂ ਵਿਚ ਉੱਬਲੇ; ਇਸ ਦੀ ਤਕਮੀਲ ਲਈ ਨੌਵੇਂ ਨਾਨਕ ਦੇ ਕਲਜੁਗ ਵਿਚ ਅਦੁੱਤੀ ਧਰਮ ਸਾਕਾ ਕੀਤਾ ਤੇ ਇਹ ਪੰਜ ਭੂਤਕ ਸਰੀਰ ਦਾ ਠੀਕਰਾ ਦਿੱਲੀ-ਪਤਿ ਦੇ ਸਿਰ ਚਾਂਦਨੀ ਚੌਂਕ ਵਿਚ ਭੰਨਿਆ. ਸਿਰ ਦਿਤਾ ਪਰ ਦੀਨਾਂ ਤੇ ਸ਼ਰਨ ਆਇਆਂ ਪੀੜਤਾਂ ਦੀ ਬਾਂਹ ਨਾ ਛੱਡੀ ?

ਕਿੱਥੇ ਹੈ ਅੱਜ ਉਹ 'ਖਾਲਸਾ' ਜਿਸ ਦੇ ਪ੍ਰਤੀਨਿਧ ਪੰਜਾਂ ਪਿਆਰਿਆਂ ਨੇ ਇਸੇ ਪਾਵਨ ਦਿਨ ਮਹਿਬੂਬ ਦੀ ਮੰਗ ਉਤੇ ਸੀਸ ਭੇਟ ਕੀਤੇ. ਸਿਰ ਤਲੀ ਉਤੇ ਰਖ ਕੇ 'ਯਾਰ' ਦੀ ਗਲੀ ਵਿਚ ਨਿਤਰੇ ਤੇ ਆਪਣੀ ਜ਼ਾਤ. ਕੁਲ ਤੇ ਬਰਾਦਰੀ ਦੇ ਅਖਾਉਤੀ ਵਖਰੇਵਿਆਂ ਨੂੰ ਸਦਾ ਲਈ ਮਿਟਾ ਕੇ ਗੁਰੂ ਘਰ ਵਿਚ ਨਵਾਂ ਜਨਮ ਪਾਇਆ. ਗੁਰੂ ਜੀ ਦੇ ਨਾਦੀ ਸਪੁੱਤਰ ਹੋਣ ਦਾ ਮਾਣ ਪ੍ਰਾਪਤ ਕੀਤਾ. ਸਾਂਝੇ ਬਾਟੇ ਚੋਂ ਅੰਮ੍ਰਿਤ ਦੇ ਘੁਟ ਪੀਕੇ 'ਖੰਡਾ ਕੁਲ ਸੰਤ ਸਿਪਾਹੀ ਬਣੇ ਅਤੇ ਸਾਂਝੇ. ਸਮਾਨ ਤੇ ਭੁਲਵੇਂ ਸਮਾਜ ਦੀ ਉਸ ਸਮੇਂ ਉਹ ਸਥਿਰ



www.AKJ.Org

ਬੁਨਿਆਦ ਰੱਖੀ ਅਤੇ ਅਜੇਹਾ ਇਨਕਲਾਬ ਲਿਆਂਦਾ ਜਿਸ ਦੀ ਸਿਖਰ ਨੂੰ ਅੱਜ ਦੇ ਕੱਟੜ ਸਮਾਜਵਾਦੀ ਛੂਹ ਤਕ ਵੀ ਨਹੀਂ ਸਕੇ ? (ਕਾਸ਼ । ਕਿ ਅੱਜ ਦਾ ਖਾਲਸਾ ਉਸ ਅਦੁੱਤੀ ਇਨਕਲਾਬ ਵਿਚ ਆਪ ਜੀਉਂਦਾ ਹੋਇਆ ਉਸ ਦੀ ਲਾਟ ਨੂੰ ਪਹਿਲੀ ਪ੍ਰਭਤਾ ਵਿਚ ਪ੍ਰਜ੍ਵੱਲਤ ਰਖਦਾ ਤੇ ੧੭੫੬ ਵਾਲੀ ਵੈਸਾਖੀ ਵਾਲੇ ਖਾਲਸੇ ਦਾ ਐਸਾ ਜਾਨਸ਼ੀਨ ਬਣਨ ਦਾ ਮਾਣ ਪ੍ਰਾਪਤ ਹੁੰਦਾ ਜਿਸ ਉਤੇ ਹਰ ਆਪਣੇ ਤੇ ਬਿਗਾਨੇ ਨੂੰ ਫ਼ਖਰ ਹੋ ਸਕਦਾ।)

ਕਿੱਥੇ ਹੈ ਅੱਜ ਉਹ ਖਾਲਸਾ ਜਿਸ ਦੇ ਸਾਹਮਣੇ ਅੰਮ੍ਰਿਤਦਾਤਾ ਸਤਿਗੁਰੂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਲਈ ਅਰਜੋਈਆਂ ਕੀਤੀਆਂ ਸਨ ਤੇ 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' ਹੋਣ ਦਾ ਮਾਨ ਪ੍ਰਾਪਤ ਕੀਤਾ ਸੀ ? ਕਿਤਨਾ ਮਹਾਨ ਇਨਕਲਾਬ ਸੀ ਇਹ ਪਰੰਪਰਾ ਤੋਂ ਚਲੇ ਆ ਰਹੇ ਪੀਰ ਮੁਰੀਦ ਗੁਰੂ ਤੇ ਚੇਲੇ ਦਿਆ ਪਰਸਪਰ ਸੰਬੰਧਾ ਤੇ ਉਨ੍ਹਾਂ ਦੀਆਂ ਦੁਵੱਲੀ ਪ੍ਰੀਤ ਖਿੱਚਾ ਵਿਚ । ਇਸ ਸਚਾਈ ਤੇ ਪ੍ਰੀਵਰਤਨ ਨੂੰ ਭਾਈ ਨੰਦ ਲਾਲ (ਸਿੰਘ) ਜੀ ਕੁਝ ਇਵੇਂ ਬਿਆਨਦੇ ਹਨ :-

ਆਸ਼ੁਫਤਾਏ ਆਨੇਮ ਕਿ ਓ ਸ਼ੈਦਾਏ ਮਾਸਤ।<br>
ਮਾ ਸ਼ਾਹ ਨ ਦਾਨੇਮ ਗਦਾਰਾ ਨ ਸ਼ਨਾਸੇਮ।

(ਅਸੀਂ ਉਸ ਦੇ ਮਤਵਾਲੇ ਹਾਂ ਜੋ ਸਾਡਾ ਮਤਵਾਲਾ ਹੈ। (ਆਪਣੀ ਮਜਲਸ ਵਿਚ) ਅਸੀਂ ਨ ਕਿਸੇ ਨੂੰ ਪਾਤਸ਼ਾਹ ਕਰ ਕੇ ਜਾਣਦੇ ਹਾ ਤੇ ਨ ਕਿਸੇ ਨੂੰ ਕੰਗਾਲ ਕਰ ਕੇ )

ਕਿੱਥੇ ਹੈ ਅੱਜ ਉਹ ਖਾਲਸਾ ਜੋ ਸ੍ਰੀ ਦਸਮੇਸ਼ ਜੀ ਦੇ ਆਪਣੇ ਮੁਖਾਰਬਿੰਦ ਤੋਂ ਨਿਸ਼ਚਿਤ ਕੀਤੇ ਇਸ ਆਦਰਸ਼ ਵਿਚ ਜੀਊਣ ਤੇ ਹੋਰਨਾਂ ਨੂੰ ਇਹ ਜੀਵਨ ਸੰਦੇਸ਼ ਦੇਣ ਲਈ ਤੱਤਪਰ ਹੋਵੇ :-

''ਜਾਗਤ ਜੋਤ ਜਪੈ ਨਿਸਬਾਸਰ, ਏਕ ਬਿਨਾ ਮਨ ਨੈਕ ਨ ਆਨੈ॥<br>
ਪੂਰਨ ਪਰੇਮ ਪਰਤੀਤ ਸਜੈ ਬ੍ਰਤ, ਗੋਰ ਮੜ੍ਹੀ ਮਟ ਭੂਲ ਨ ਮਾਨੈ॥<br>
ਤੀਰਥ ਦਾਨ ਦਯਾ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ॥<br>
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥

ਕਿੱਥੇ ਹੈ ਅੱਜ ਗੁਰੂ ਜੀ ਦਾ ਖਾਸ ਰੂਪ ਖ਼ਾਲਸਾ ਜਿਸ ਨੂੰ ਉਹ ਆਪਣਾ ਸੁਹਿਰਦ ਇਸ਼ਟ, ਬਿਰਦ, ਸੁਖ, ਮਿੱਤ੍ਰ, ਸਖਾ, ਮਾਤਾ, ਪਿਤਾ, ਸੋਭਾ, ਜ਼ਾਤ-ਪਾਤ, ਭਵਨ-ਭੰਡਾਰ, ਪਰਵਾਰ, ਪਿੰਡ-ਪਰਾਣ, ਮਾਨ-ਮਹਤ, ਧਰਮ-ਕਰਮ, ਸਤਗੁਰ ਗਿਆਨ, ਧਿਆਨ, ਤੇ ਪਤਾ ਨਹੀਂ ਹੋਰ ਕੀ ਪਦਵੀ ਦੇਂਦੇ ਹੋਏ ਆਪਣੇ ਇਸ ਕਥਨ ਦੀ ਸਚਾਈ ਦੀ ਪ੍ਰੋੜਤਾ ਇਨ੍ਹਾਂ ਸ਼ਬਦਾਂ ਰਾਹੀਂ ਕਰਦੇ ਹਨ :-

''ਯਾ ਮੈ ਰੰਚ ਨ ਮਿਥਿਆ ਭਾਖੀ। ਪਾਰਬ੍ਰਹਮ ਗੁਰੂ ਨਾਨਕ ਸਾਖੀ॥''

ਕਿੱਥੇ ਹੈ ਅੱਜ ਉਹ ਮਹਾਨ ਖਾਲਸਾ ਜੋ ਧਰਮ ਹੇਤ ਸੀਸ ਦੇਂਦਾ, ਰੰਬੀਆਂ ਨਾਲ ਖੋਪਰੀਆਂ ਲੁਹਾਉਂਦਾ, ਬੰਦ ਬੰਦ ਕਟਾਉਂਦਾ, ਚਰਖੜੀਆਂ ਉਤੇ ਤੂੰਬਾ ਤੂੰਬਾ ਹੁੰਦਾ, ਇੱਕਲਾ ਲਖਾਂ ਨਾਲ ਟਾਕਰਾ ਕਰਦਾ, ਨੀਹਾ ਵਿਚ ਚੁਣੀਂਦਾ, ਚਿਤ ਵਿਚ ਹਰ ਛਿਨ ਧਰਮ-ਯੁਧ ਦਾ ਚਾਅ ਰਖਦਾ ਅਤੇ ਤੇਗ਼ ਦੀ ਧਾਰ ਹੇਠ ਸਦਾ ਇਹੀ ਅਰਦਾਸ ਕਰਦਾ ਸੀ ਕਿ- ਹੇ ਸਤਿਗੁਰੂ, ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਵੀਂ ?

ਕਿੱਥੇ ਹੈ ਅੱਜ ਉਹ ਖ਼ਾਲਸਾ ਜਿਸ ਨੂੰ ਬਖਸ਼ੇ ਧਰਮ ਭਾਵਾਂ-ਸੇਵਾ, ਸਿਮਰਨ, ਸਮਾਨਤਾ ਅਤੇ ਚੜ੍ਹਦੀ ਕਲਾ ਦੇ ਬਲ-ਬੋਤੇ ਇਸ ਦੇ ਸਾਜਣਹਾਰ ਸ੍ਰੀ ਦਸਮੇਸ਼ ਪਿਤਾ ਨੇ ਇਨਾਂ ਸ਼ਬਦਾਂ, ਜਿਨਾ ਨੂੰ ਅਸੀਂ ਹਰ ਸਵੇਰ ਨਿਤਨੇਮ ਦੇ ਪਾਠ ਵੇਲੇ ਦੁਹਰਾਂਦੇ ਅਤੇ ਖੰਡੇ ਦੀ ਪਾਹੁਲ ਪੜ੍ਹਦੇ ਸੁਣਦੇ ਹਾਂ ਅਤੇ ਜਿਸ ਆਸ਼ੇ ਦੀ ਪੂਰਤੀ ਸਾਡੇ ਜ਼ੁੰਮੇ ਹੈ, ਵਿਚ ਦਾਅਵਾ ਕੀਤਾ ਸੀ ਕਿ -

''ਦਾਨਵ ਦੇਵ ਫਨਿੰਦ ਨਿਸਾਚਰ, ਭੂਤ ਭਵਿਖ ਭਵਾਨ ਜਪੈਂਗੇ॥<br>
ਜੀਵ ਜਿਤੇ ਜਲ ਮੈ ਥਲ ਮੈ, ਪਲ ਹੀ ਪਲ ਮੈ ਸਭ ਥਾਪ ਥਪੈਂਗੇ॥<br>
ਪੁੰਨ ਪ੍ਰਤਾਪਨ ਬਾਢ ਜੈਤ ਧੁਨ, ਪਾਪਨ ਕੇ ਬਹੁ ਪੁੰਜ ਖਪੈਂਗੇ॥<br>
ਸਾਧ ਸਮੂਹ ਪ੍ਰਸੰਨ ਫਿਰੈ ਜਗ, ਸਤ੍ਰ ਸਭੈ ਅਵਿਲੋਕ ਚਪੈਂਗੇ॥''



www.AKJ.Org

ਕਿੱਥੇ ਹੈ ਕਲਗੀਆਂ ਵਾਲੇ ਦਾ ਉਹ ਖ਼ਾਲਸਾ ਜੋ ਅਜ ਵੀ ਸ੍ਰੀ ਦਸਮੇਸ਼ ਜੀ ਵਲੋਂ ਇਨਾਂ ਅਤਿ ਮਾਨ-ਭਰਪੂਰ ਇਤਹਾਸਕ ਸ਼ਬਦਾਂ ਵਿਚ ਸੰਬੋਧਨ ਕੀਤੇ ਜਾਣ ਦਾ ਪਾਤਰ ਬਣ ਸਕਦਾ ਹੋਵੇ-

ਇਨਹੀ ਕੀ ਕਿਰਪਾ ਕੇ ਸਜੇ ਹਮ ਹੈ ਨਹੀ ਮੋ ਸੇ ਗਰੀਬ ਕਰੋਰ ਪਰੈ॥੨॥

ਤਥਾ- ਮੋ ਗ੍ਰਿਹ ਮੈ ਤਨ ਤੇ ਮਨ ਤੇ ਸਿਰ ਲਉਧਨ ਹੈ ਸਭ ਹੀ ਇਨਹੀ ਕੋ॥

ਕਿੱਥੇ ਹੈ ਅਜ ਦੈਵੀ-ਗੁਣ-ਨਿਧਾਨ ਉਹ ਖਾਲਸਾ ਜਿਸ ਦੇ ਉਚੇ-ਸੁਚੇ ਚਲਣ ਨਾਲ ਪ੍ਰਭਾਵਤ ਹੋ ਕੇ ਕਾਜ਼ੀ ਨੂਰ ਮੁਹੰਮਦ ਜੋ ਅਬਦਾਲੀ ਦੇ ੧੮੨੧ ਵਿਚ ਹੋਏ ਦੂਜੇ ਹਮਲੇ ਵੇਲੇ ਉਸ ਨਾਲ ਆਇਆ ਸੀ ਅਤੇ ਜੋ ਨਫ਼ਰਤ ਨਾਲ 'ਸਿੰਘ' ਸ਼ਬਦ ਨੂੰ 'ਸਗ' (ਕੁੱਤੇ) ਕਰਕੇ ਲਿਖਦਾ ਸੀ ਵੀ ਆਖ਼ਰ ਇਉਂ ਕਰਨ ਉਤੇ ਮਜ਼ਬੂਰ ਹੋ ਜਾਂਦਾ ਹੈ :-

"ਨਾ-ਮਰਦਾਂ ਤੇ ਕਾਇਰਾ ਉਤੇ, ਹਰਗਿਜ ਵਾਰ ਨ ਕਰਦੇ ਨੇ॥
ਭੱਜੇ ਜਾਂਦੇ ਦੁਸ਼ਮਨ ਦੀ ਉਹ, ਹਰਗਿਜ਼ ਵਾਟ ਨ ਫੜਦੇ ਨੇ॥
ਅਬਲਾਵਾਂ ਦੇ ਗਹਿਣੇ ਟੂਮਾਂ, ਜ਼ੋਰੀ ਕਦੀ ਨ ਲਾਹਦੇ ਨੇ॥
ਰਾਣੀ ਭਾਵੇਂ ਦਾਸੀ ਹੋਵੇ, ਹਰਗਿਜ਼ ਹੱਥ ਨ ਪਾਂਦੇ ਨੇ॥
'ਕੁਤਿਆਂ' ਦੇ ਟੋਲੇ ਵਿਚ ਰਹਿੰਦਾ, ਨਾਹੀ ਕੋਈ ਜ਼ਨਾਹੀ ਏ॥
ਚੋਰੀ ਕਰਨ ਉਨ੍ਹਾਂ ਤਾਹੀਂ! ਹਰਗਿਜ਼ ਰਵਾ ਨ ਆਈ ਏ॥
ਚਾਹੇ ਬੁੱਢੀ ਮਾਈ ਹੋਵੇ, ਭਾਵੇਂ ਸੁੰਦਰ ਨਾਰੀ ਏ॥
ਹਰ ਇਕ ਤਾਈਂ ਬੁੱਢੜੀ ਆਂਹ੍ਹੇ, ਸੁੰਦਰ ਮਨੋਂ ਵਿਸਾਰੀ ਏ॥
ਬੁੱਢੀ ਦੇ ਮਾਅਨੇ ਬੁੱਢੜੀ, ਹਿੰਦੀ ਬੋਲੀ ਅੰਦਰ ਨੇ॥
ਤਾਈਏਂ ਜ਼ਾਨੀ ਚੋਰ ਨ ਦਿਸਦੇ, ਉਨ੍ਹਾਂ ਟੋਲੀ ਅੰਦਰ ਨੇ॥
ਹੋਵੇ ਨ ਕਿਉਂ ਕਰ ਕਿ ਜਦ ਉਹ ਚੋਰਾਂ ਯਾਰ ਬਣਾਂਦੇ ਨਾ॥
ਇਸ ਤੋਂ ਬਾਝੋਂ ਹੋਰ ਕੋਈ ਉਹ ਨੇਕੀ ਕਾਰ ਕਮਾਂਦੇ ਨਾ॥
'ਕੁੱਤਿਆਂ ਨੂੰ 'ਕੁੱਤੇ' ਨ ਆਖੋ ਸੱਚ ਪੁਛੋ ਤਾਂ ਸ਼ੇਰ ਨੇ ਉਹ॥
ਰਣ ਵਿਚ ਜਦ ਸ਼ਸਤਰ ਹੈ ਵਹਿੰਦਾ, ਸੂਰੇ ਬਲੀ ਦਲੇਰ ਨੇ ਉਹ॥ (ਉਲਥਾ)

ਕਿੱਥੋਂ ਤਕ ਸਿਫ਼ਤ ਕਰੀਏ, ਸਤੋ-ਗੁਣ-ਧਾਰੀ 'ਸਤਿਗੁਰੂ ਦੇ ਖ਼ਾਸ ਰੂਪ' ਖਾਲਸੇ ਦੀ ਅਤੇ ਕਿੱਥੋਂ ਤਕ ਝੂਰੀਏ ਅਜ ਦੇ 'ਖਾਲਸੇ' ਦੀ ਗਫ਼ਲਤ, ਆਪਾ-ਧਾਪੀ ਤੇ ਹਰ-ਪਹਿਲੂ ਤੋਂ ਉਲਝੀ ਹੋਈ ਤਾਣੀ ਨੂੰ ਵੇਖ ਵੇਖ ਕੇ। ਇਸ ਦੇ ਜ਼ਿੰਮੇ ਲਾਇਆ ਗਿਆ ਸੀ ਧਰਮ ਚਲਾਉਣਾ, ਸੰਤਾਂ ਨੂੰ ਉਬਾਰਨਾ ਤੇ ਦੁਸ਼ਟਾਂ ਦੀਆਂ ਜੜ੍ਹਾਂ ਪੁਟਣਾ, ਪਰੰਤੂ ਇਸ ਨੂੰ ਧਰਮ ਦੀ ਗੱਲ ਕਰਨ ਦੀ ਵੇਹਲ ਹੀ ਕਿਥੇ ? ਇਹ ਉਠਦਾ ਬੈਠਦਾ ਜੋੜਾਂ ਤੋੜਾਂ, ਹਾਣਾਂ-ਲਾਭਾਂ? ਅਤੇ ਸਵਾਰਥੀ ਛਿੰਨ ਭੰਗਰ ਜੀਵਨ ਵਿਚ ਬੁਰੀ ਤਰ੍ਹਾਂ ਪਲਚਿਆ ਹੋਇਆ ਹੈ। ਧਰਮ ਨਾਲੋਂ ਧੜਾ ਪਿਆਰਾ ਹੈ। ਜੇ ਕਿਤੇ ਦੀਨ ਦੀ ਚਰਚਾ ਹੁੰਦੀ ਵੀ ਹੈ ਤਾਂ ਨਿਸ਼ਾਨਾ ਦੁਨੀਆਂ ਹੀ ਹੁੰਦੀ ਹੈ। ਇਹ ਭੁਲ ਚੁੱਕਾ ਹੈ ਕਿ ਸਤਿਗੁਰਾਂ ਨੇ ਉਚ ਨਿਸ਼ਾਨਿਆਂ ਤੇ ਮੰਤਵਾਂ ਦੀ ਪੂਰਤੀ ਲਈ ਸਾਧਨ ਵੀ ਉੱਚੇ ਤੇ ਸੁੱਚੇ ਹੀ ਵਰਤੇ ਸਨ। ਉਨ੍ਹਾਂ ਕਦੀ ਵੀ ਝੂਠ, ਕਪਟ ਤੇ ਬੇਅਸੂਲੀ ਨਾਲ ਸਮਝੌਤਾ ਨਾ ਕੀਤਾ, ਭਾਵੇਂ ਇਸ ਦੀ ਕਿਤਨੀ ਵੀ ਭਾਰੀ ਕੀਮਤ ਉਨ੍ਹਾਂ ਨੂੰ ਕਿਉਂ ਨ ਅਦਾ ਕਰਨੀ ਪਈ।

"Find justifies the means " ਮੰਤਵ ਪੂਰਤੀ ਲਈ ਕੋਈ ਸਾਧਨ ਵੀ ਵਰਤ ਲੈਣੇ ਯੋਗ ਹਨ।

ਅੱਜ ਦੇ ਮਾਦੀ ਯੁਗ ਦਾ ਨਾਹਰਾ ਤਾਂ ਹੋ ਸਕਦਾ ਹੈ ਪਰ "ਗੁਰੂ ਕੇ ਖਾਲਸਾ" ਦਾ ਨਹੀਂ ਹੋ ਸਕਦਾ। ਐ ਖ਼ਾਲਸਾ, ਤੈਨੂੰ ਯਾਦ ਨਹੀਂ ਕਿ ਤੇਰੇ ਧਰਮ ਪਿਤਾ ਨੇ ਰਵਾਲਸਰ ਉਤੇ ਬਾਈਧਾਰ ਦੇ ਰਾਜਿਆਂ ਦੀ ਮਨੁੱਖੀ ਸਿਧਾਤਾ ਦੇ ਉਲਟ ਕੀਤੀ ਇਹ ਮੰਗ ਕਿ ਜੇ ਸ਼ੂਦਰ ਤੇ ਨੀਵੀਆਂ ਜਾਤਾਂ ਦਾ ਭਰਮ ਭੇਦ ਨਾ ਮਿਟਾਇਆ

(ਬਾਕੀ ਪੰਨਾ ੨੯ ਤੇ ...)



www.AKJ.Org

# ਸਿੱਖ ਇਤਿਹਾਸ ਵਿਚੋਂ ਸਤੰਬਰ ਮਹੀਨੇ ਦੀਆਂ ਕੁਝ ਮਹੱਤਵਪੂਰਨ ਘਟਨਾਵਾਂ

ਸਤੰਬਰ ੧ (ੳ) ਸ੍ਰੀ ਗੁਰੂ ਅਮਰਦਾਸ ਜੀ ਜੋਤੀ-ਜੋਤ ਸਮਾਏ (੧੫੭੪ ਈ:)
(ਅ) ਸ੍ਰੀ ਗੁਰੂ ਰਾਮਦਾਸ ਜੀ ਜੋਤੀ-ਜੋਤ ਸਮਾਏ (੧੫੮੧ ਈ:)
(ੲ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਗੰਗਸਰ ਜੈਤੋ (ਨਾਭਾ) ਵਿਖੇ ਅਖੰਡ-ਪਾਠ ਕਰਨ ਵਾਸਤੇ ਪਹਿਲੇ ੨੫ ਸਿੰਘਾਂ ਦੇ ਜਥੇ ਦੀ ਰਵਾਨਗੀ (੧੯੨੩ ਈ:)

ਸਤੰਬਰ ੨ (ੳ) ਪ੍ਰਸਿੱਧ ਕੌਮੀ ਨੇਤਾ ਪੰਡਤ ਮਦਨ ਮੋਹਨ ਮਾਲਵੀਆ ਗੁਰੂ ਕੇ ਬਾਗ ਵਿਚ ਅਕਾਲੀ ਸੂਰਬੀਰਾਂ 'ਤੇ ਪੁਲਿਸ ਵੱਲੋਂ ਕੀਤੇ ਜਾ ਰਹੇ ਅਸਹਿ ਜ਼ੁਲਮਾ ਨੂੰ ਵੇਖਣ ਲਈ ਅੰਮ੍ਰਿਤਸਰ ਪੁੱਜੇ (੧੯੨੨ ਈ:)
(ਅ) ਪ੍ਰਸਿੱਧ ਰਾਗੀ ਭਾਈ ਹੀਰਾ ਸਿੰਘ ਦਾ ਅਕਾਲ ਚਲਾਣਾ (੧੯੨੩ ਈ:)

ਸਤੰਬਰ ੩ (ੳ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਧੋਦਾਸ ਬੈਰਾਗੀ ਨੂੰ ਅੰਮ੍ਰਿਤ ਛਕਾ ਕੇ ਭਾਈ ਗੁਰਬਖਸ਼ ਸਿੰਘ ਦਾ ਨਾਂ ਦਿੱਤਾ (੧੭੦੮ ਈ:)
(ਅ) ਪਿੰਡ ਤੇੜਾ ਖੁਰਦ ਖੇਤਾਂ ਵਿਚ ਕੰਮ ਕਰ ਰਹੇ ਸਰਦਾਰ ਭਗਤ ਸਿੰਘ ਅਤੇ ਉਸਦ ਪੁੱਤਰਾ ਭਾਈ ਤਾਰਾ ਸਿੰਘ ਤੇ ਭਾਈ ਆਸਾ ਸਿੰਘ ਨੂੰ ਪੁਲਿਸ ਨੇ ਗੁਰੂ ਕੇ ਬਾਗ਼ ਦੇ ਮੋਰਚੇ ਨਾਲ ਹ਼ਮਦਰਦੀ ਰੱਖਣ ਦੇ ਸ਼ੱਕ ਵਿਚ ਬੁਰੀ ਤਰ੍ਹਾਂ ਮਾਰਿਆ, ਜਿਸ ਕਾਰਨ ਸਰਦਾਰ ਭਗਤ ਸਿੰਘ ੪ ਸਤੰਬਰ, ੧੯੨੨ ਈ: ਨੂੰ ਅਤੇ ਭਾਈ ਤਾਰਾ ਸਿੰਘ ੬ ਸਤੰਬਰ ਨੂੰ ਸ਼ਹੀਦ ਹੋ ਗਏ (੧੯੨੨ ਈ:)

ਸਤੰਬਰ ੪ (ੳ) ਕਾਨੂੰਨ ਅਨੁਸਾਰ ਚੁਣੀ ਪਹਿਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਇਕੱਤਰਤਾ ਟਾਊਨ ਹਾਲ, ਅੰਮ੍ਰਿਤਸਰ ਵਿਖੇ ੧੯੨੬ ਈ: ਨੂੰ ਹੋਈ।
(ਅ) ੧੮੩੮ ਈ: ਨੂੰ ਮਹਾਰਾਜਾ ਦਲੀਪ ਸਿੰਘ ਦਾ ਜਨਮ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਮਹੱਲ ਵਿਖੇ ਰਾਣੀ ਜਿੰਦਾਂ ਦੀ ਕੁੱਖੋਂ ਹੋਇਆ।

ਸਤੰਬਰ ੫ ਸਰਦਾਰ ਪ੍ਰਿਤਪਾਲ ਸਿੰਘ ਜੀ ਨੇ ਸਨਮੁਖ ਰਹਿ ਗੁਰੂ ਕੇ ਬਾਗ਼ ਪੁਲਿਸ ਦੀਆਂ ਸੋ ਡਾਂਗਾਂ ਖਾਧੀਆ, ਪਰ•ਸੀ ਨਾ ਕੀਤੀ (੧੯੨੨ ਈ:)

ਸਤੰਬਰ ੬ (ੳ) ਸਿੰਘ ਸਭਾ ਲਹਿਰ ਦੇ ਮੋਢੀ ਤੇ ਅਦੁੱਤੀ ਵਿਦਵਾਨ ਗਿਆਨੀ ਦਿੱਤ ਸਿੰਘ ਦਾ ਅਕਾਲ ਚਲਾਣਾ (੧੯੦੧ ਈ:)। ਆਪ ਜੀ ਪਿੰਡ ਨੰਦਪੁਰ ਕਲੌੜ, ਜ਼ਿਲ੍ਹਾ ਪਟਿਆਲਾ ਦੇ ਵਸਨੀਕ ਸਨ ਆਪ ਦਾ ਜਨਮ ੧੮੫੦ ਈ: ਵਿਚ ਹੋਇਆ ਸੀ। ਪਹਿਲਾਂ ਗੁਲਾਬਦਾਸੀਏ ਸਨ ਅਤੇ ਪਿਛੋਂ ਜਵਾਹਰ ਸਿੰਘ ਕਪੂਰ ਅਤੇ ਭਾਈ ਗੁਰਮੁਖ ਸਿੰਘ (ਪ੍ਰੋਫੈਸਰ) ਦੀ ਸੰਗਤ ਦੇ ਕਾਰਨ ਸਿੰਘ ਸਜ ਕੇ ਸਿੰਘ ਸਭਾ ਲਹਿਰ ਵਿਚ ਸ਼ਾਮਲ ਹੋਏ। ਇਨ੍ਹਾਂ ਦੀਆਂ ਦੋ ਦਰਜਨ ਤੋਂ ਉਪਰ ਕਿਤਾਬਾਂ ਲਿਖੀਆਂ ਹੋਈਆ ਮਿਲਦੀਆਂ ਹਨ। ਇਤਨੇ ਵਿਦਵਾਨ ਸਨ ਕਿ ਆਰੀਆ ਸਮਾਜ ਮੋਢੀ ਦਯਾਨੰਦ ਨੂੰ ਵਿਵਾਦ ਵਿਚ ਈਨ ਮੰਨਵਾਈ।
(ਅ) ਗੁ: ਤੇਜਾ ਕਲਾ ਜ਼ਿਲ੍ਹਾ ਗੁਰਦਾਸਪੁਰ ੧੯੨੧ ਈ: ਵਿਚ ਪੰਥਕ ਪ੍ਰਬੰਧ ਹੇਠ ਆਇਆ।

ਸਤੰਬਰ ੭ ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾਏ (੧੫੩੯ ਈ:)

ਸਤੰਬਰ ੧੦ ਸਰਦਾਰ ਕਰਮ ਸਿੰਘ ਪ੍ਰਸਿੱਧ ਹਿਸਟੋਰੀਅਨ ਦਾ ਅਕਾਲ-ਚਲਾਣਾ (੧੯੩੦ ਈ:)

ਸਤੰਬਰ ੧੨ (ੳ) ਸਾਰਾਗੜ੍ਹੀ ਦਾ ਸਾਕਾ ੧੮੯੭ ਈ: ਹੋਇਆ। ਆਖਰੀ ਦਮ ਤਕ ਸਿੱਖਾਂ ਨੇ ਫ਼ੌਜੀ ਚੌਂਕੀ ਨਾ ਛੱਡੀ।
(ਅ) ਧਰਮ-ਯੁੱਧ ਮੋਰਚੇ ਵਿਚ ਤਰਨ-ਤਾਰਨ ਵਿਖੇ ਰੇਲ ਗੱਡੀ ਹੇਠ ਲਿਤਾੜ ੩੪ ਸਿੰਘ ਸ਼ਹੀਦ ਕਰ ਦਿੱਤੇ ਗਏ (੧੯੮੩ ਈ:)

ਸਤੰਬਰ ੧੩ (ੳ) ਪ੍ਰਸਿੱਧ ਈਸਾਈ ਪਾਦਰੀ ਸੀ. ਐਫ. ਐਂਡਰਯੂਜ਼ ਦੀਆ ਕੋਸ਼ਿਸ਼ਾਂ ਸਦਕਾ, ਗੁਰੂ ਕੇ ਬਾਗ ਦੇ ਮੋਰਚੇ ਵਿਚ ਜੱਥਿਆਂ ਦੀ ਮਾਰ-ਕੁਟਾਈ ਬੰਦ ਕੀਤੀ ਗਈ ਅਤੇ ਗ੍ਰਿਫ਼ਤਾਰੀਆਂ ਦਾ ਸਿਲਸਿਲਾ ਸ਼ੁਰੂ ਹੋਇਆ (੧੯੨੨ ਈ:)। ਸੀ.ਐਫ. ਐਂਡਰਯੂਜ਼ ਨੇ ਹੀ ਕਿਹਾ ਸੀ ਕਿ ਉਹ ਗੁਰੂ ਕੇ ਬਾਗ਼ ਵਿਚ ਹਰ ਰੋਜ਼ ਸੈਂਕੜੇ ਈਸਾ ਸੂਲੀ ਚੜ੍ਹਦੇ ਤੱਕ ਰਿਹਾ ਹੈ।
(ਅ) ਪੰਜਾਬ ਸਰਕਾਰ ਨੇ ੧੯੨੬ ਈ: ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਾਗ਼ੀ ਕਰਾਰ ਦੇਣ ਦਾ ਹੁਕਮ ਵਾਪਸ ਲਿਆ।



www.AKJ.Org

(ੲ) ਗੁਰਦੁਆਰਾ ਡਸਕੇ ਦੇ ਮੋਰਚੇ ਲਈ ਪਹਿਲਾਂ ਸ਼ਹੀਦੀ ਜਥਾ ਮਾਸਟਰ ਤਾਰਾ ਸਿੰਘ ਜੀ ਦੀ ਅਗਵਾਈ ਹੇਠ ਸ੍ਰੀ ਅੰਮ੍ਰਿਤਸਰ ਤੋਂ ੧੯੩੧ ਈ: ਵਿਚ ਚੱਲਿਆ।

ਸਤੰਬਰ ੧੪ (ੳ) ਨਵਾਬ ਜ਼ਾਬਿਤਾ ਖ਼ਾਨ ਰੁਹੇਲਾ ਸਿੱਖ ਯੋਧਿਆਂ ਦੀ ਰਹਿਣੀ-ਬਹਿਣੀ ਅਤੇ ਬਹਾਦਰੀ ਤੋਂ ਪ੍ਰਭਾਵਿਤ ਹੋ ਕੇ ਅੰਮ੍ਰਿਤ ਛਕ ਕੇ ੧੭੭੭ ਈ: ਵਿਚ ਸਰਦਾਰ ਧਰਮ ਸਿੰਘ ਬਣਿਆ।

(ਅ) ਰਾਜਾ ਸ਼ੇਰ ਸਿੰਘ ਅਟਾਰੀ ਨੇ ਅੰਗਰੇਜ਼ ਹਕੂਮਤ ਦੇ ਵਿਰੁੱਧ ੧੮੪੮ ਈ: ਵਿਚ ਐਲਾਨਿ-ਏ-ਜੰਗ ਕੀਤਾ। ਇਹ ਸਰਦਾਰ ਚਤਰ ਸਿੰਘ ਅਟਾਰੀ ਵਾਲੇ ਦਾ ਪੁੱਤਰ ਸੀ। ਮਹਾਰਾਜਾ ਦਲੀਪ ਸਿੰਘ ਦੇ ਨਾਲ ਇਸਦੀ ਭੈਣ ਮੰਗੀ ਹੋਈ ਸੀ।

ਸਤੰਬਰ ੧੫ ਬਾਬਾ ਬੁੱਢਾ ਜੀ ਦਾ ਅਕਾਲ-ਚਲਾਣਾ (੧੬੩੧ ਈ:)। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਹੱਥੀਂ ਸਸਕਾਰ ਕੀਤਾ।

ਸਤੰਬਰ ੧੭ ਆਲ ਇੰਡੀਆ ਵਰਕਿੰਗ ਕਮੇਟੀ ਵੱਲੋਂ ਗੁਰੂ ਕੇ ਬਾਗ਼ ਦੇ ਮੋਰਚੇ ਸੰਬੰਧੀ ਪੜਤਾਲੀਆ ਕਮੇਟੀ ਬਣਾਈ ਗਈ (੧੯੨੨ ਈ:)।

ਸਤੰਬਰ ੧੮ ਮਹਾਰਾਜਾ ਦਲੀਪ ਸਿੰਘ ਜੀ (੧੮੪੩ ਈ:) ਪੰਜਾਬ ਦੇ ਤਖ਼ਤ 'ਤੇ ਬੈਠੇ।

ਸਤੰਬਰ ੨੦ ਰਾਜਾ ਹੀਰਾ ਸਿੰਘ ਡੋਗਰੇ ਹੱਥੋਂ ਆਪਣੇ ਬਾਪ ਦੇ ਕਤਲ ਦਾ ਬਦਲਾ ਲੈਣ ਦੇ ਸੰਬੰਧ ਵਿਚ ਸਰਦਾਰ ਅਜੀਤ ਸਿੰਘ ਤੇ ਸਰਦਾਰ ਲਹਿਣਾ ਸਿੰਘ ਸੰਧਾਵਾਲੀਏ ਦਾ (੧੮੪੩ ਈ:) ਵਿਚ ਕਤਲ ਹੋਇਆ।

ਸਤੰਬਰ ੨੧ (ੳ) ਰਾਜਾ ਗੁਲਾਬ ਸਿੰਘ ਡੋਗਰੇ ਦੀ ਸਾਜਿਸ਼ ਨਾਲ ਸਰਦਾਰ ਜਵਾਹਰ ਸਿੰਘ (ਮਹਾਰਾਣੀ ਜਿੰਦ ਕੌਰ ਦੇ ਭਰਾ) ਦਾ ਮੀਆਂ ਪ੍ਰਿਥੀ ਸਿੰਘ ਡੋਗਰੇ ਦੇ ਹੱਥੋਂ ਕਤਲ ਹੋਇਆ। (੧੮੪੫ ਈ:)।

(ਅ) ਪੰਜਾਬੀ ਸੂਬੇ ਦੇ ਮੋਰਚੇ ਦੌਰਾਨ ਕਾਕਾ ਇੰਦਰਜੀਤ ਸਿੰਘ ਨੂੰ ਕਰਨਾਲ ਵਿਖੇ ਮਾਰ ਕੇ ਖੂਹ ਵਿਚ ਸੁੱਟ ਸ਼ਹੀਦ ਕੀਤਾ ਗਿਆ (੧੯੬੦ ਈ:)।

ਸਤੰਬਰ ੨੩ ਭਾਈ ਗੁਰਦਾਸ ਜੀ ਦਾ ਅਕਾਲ-ਚਲਾਣਾ (੧੬੩੭ ਈ:) ਆਪ ਗੁਰੂ ਘਰ ਦੇ ਅਨਿਨ ਸਿੱਖ, ਸੱਚੇ ਸੇਵਕ ਅਤੇ ਸ਼ਰਧਾਲੂ ਸਨ। ਸਿੱਖ ਜਗਤ ਵਿਚ ਆਪ ਦੀ ਵਿਦਵਤਾ ਬਹੁਤ ਉੱਚਾ ਦਰਜਾ ਰੱਖਦੀ ਹੈ। ਆਪ ਦੀਆਂ ਰਚੀਆ ਵਾਰਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੁੰਜੀ ਦੀ ਪਦਵੀ ਦਿੱਤੀ। ਆਪ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਖਾਸ ਨਿਗਰਾਨੀ ਹੇਠ ਲਿਖਣ ਦਾ ਵੀ ਮਾਣ ਪ੍ਰਾਪਤ ਹੈ। ਸਿੱਖ ਜਗਤ ਵਿਚ ਆਪ ਜੀ ਦਾ ਨਾਮ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ।

ਸਤੰਬਰ ੨੪ (ੳ) ਪ੍ਰਕਾਸ਼-ਦਿਵਸ ਸ੍ਰੀ ਗੁਰੂ ਰਾਮਦਾਸ ਜੀ (੧੫੩੪ ਈ:)।

(ਅ) ਬਾਬਾ ਸ੍ਰੀ ਚੰਦ ਜੀ ਦਾ ਜਨਮ - ਆਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਸਨ। ਆਪ ਦਾ ਜਨਮ ਸਤੰਬਰ, ੧੪੯੪ ਈ: (ਭਾਦਰੋਂ ਸੁਦੀ ੯, ੧੫੫੧) ਮਾਤਾ ਸੁਲੱਖਣੀ ਜੀ ਦੀ ਕੁੱਖੋਂ ਹੋਇਆ। ਆਪ ਨੇ ਉਦਾਸੀ ਸੰਪ੍ਰਦਾਇ ਦਾ ਮੁੱਢ ਬੰਨ੍ਹਿਆ। ਆਪ ੧੬੧੨ ਈ: (੧੫ ਅੱਸੂ ਸੰਮਤ ੧੬੬੯) ਵਿਚ ਅਕਾਲ-ਚਲਾਣਾ ਕਰ ਗਏ।

ਸਤੰਬਰ ੨੬ ਕਾਨ੍ਹਪੁਰ ਵਿਖੇ ੧੦ ਸਿੰਘ ਨਕਲੀ ਨਿਰੰਕਾਰੀਆਂ ਹੱਥੋਂ ਸ਼ਹੀਦੀ ਪਾ ਗਏ (੧੯੭੮ ਈ:)।

ਸਤੰਬਰ ੨੭ (ੳ) ਸ੍ਰੀ ਗੁਰੂ ਰਾਮਦਾਸ ਜੀ ਪਾਤਸ਼ਾਹੀ ਚੌਥੀ ਗੁਰਗੱਦੀ ਪਰ ਬੈਠੇ (੧੫੭੪ ਈ:)

(ਅ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਸਾਹਿਬਜ਼ਾਦਾ ਜੁਝਾਰ ਸਿੰਘ ਦਾ ਜਨਮ ੧੬੯੦ ਈ: ਵਿਚ ਹੋਇਆ ਅਤੇ ੨੨ ਦਸੰਬਰ, ੧੭੦੪ ਈ: ਨੂੰ ਚਮਕੌਰ ਦੇ ਮੈਦਾਨ ਵਿਚ ਆਪ ਨੇ ਬੜੀ ਬੀਰਤਾ ਨਾਲ ਧਰਮ-ਯੁੱਧ ਵਿਚ ਸ਼ਹੀਦੀ ਪਾਈ। ਦਸਮੇਸ਼ ਪਿਤਾ ਦੇ ਹਜ਼ੂਰੀ ਕਵੀ ਸੈਨਾਪੱਤਿ ਚਮਕੌਰ ਦੇ ਜੰਗ ਵਿਚ ਬਾਬਾ ਜੁਝਾਰ ਸਿੰਘ ਜੀ ਦੀ ਬੀਰਤਾ ਬਾਰੇ ਲਿਖਦੇ ਹਨ:

*ਜਬ ਦੇਖਯੋ ਜੁਝਾਰ ਸਿੰਘ ਸਮਾ ਪਹੂਚਯੋ ਆਨ।*
*ਦੌਰਯੋ ਦਲ ਮੈ ਧਾਇ ਕੈ ਕਰ ਮੈਂ ਗਹੀ ਕਮਾਨ।*

(ੲ) ਗੁਰਦੁਆਰਾ ਸੁਧਾਰ ਲਹਿਰ ਦੇ ਲਾਹੌਰ ਕਿਲ੍ਹੇ ਦੇ ਅਕਾਲੀ ਕੈਦੀ ੧੯੨੬ ਈ: ਵਿਚ ਰਿਹਾਅ ਕੀਤੇ ਗਏ।


www.AKJ.Org

# Guru Granth Sahib

(Dr. Gobind Singh Mansukhani)

**Adoration of the Granth.** The adigranth is the Sikh Bible. Guru Arjan who compiled it installed it with all reverence and devotion at Harmandar at Amritsar in 1604. He emphasised the importance of the following poem:

The race of man is saved!
God 's word goes to the people, blessing them
And bestowing immortality on them
My house is full of the light
Of the song of life to-day !
This is the staff on which
The old and the miserable, the strayed and rich shall lean
In their distress, and obtain solace,
People of God! come assemble, live in this light
Dissolve this song into your soul.
Rejoice and partake of this immortal feast.

The Granth contains Gurbani or the Guru's teaching . It is the Guru incarnate. Guru Gobind Singh installed Guru Granth as the timeless Guru after him.

Guru Granth sahib is a sort of living Guru in the midst of the Sikhs. Guru means guide or torchbearer. Guru Granth gives light and good counsel. Those who are in difficulty or trouble read Guru Granth Sahib and obtain solace and comfort from its hymns. It is also used by the time of birth, marriage and death.

Guru Granth is regarded as the body of the Guru and is kept on a raised platform under a canopy, covered in clean clothes. A pauri is waved over it when it is read. One must put off one's shoes, wash the feet and cover the head before taking one's seat before the Guru. This is a mode of reverence and no idolatory. The service of the Guru is fillowing his instructions and yoking the mind to the Name.

Guru Granth Sahib is a treasure of divine knowledge and mysticism. Guru Nanak says, "My mind is a temple of love. My body is a robe divine. The Sacred Nectar flows in the temple. The Word is my breath and the Song is my blood." It is therefore in the fitness of things that both Sikhs and non-Sikhs show great respect to Guru Granth Sahib.

Guru Nanak's Japji. Not without reason, the Japji tops the sacred writings found in the Holy Granth. it is the epitome of Sikh religion and philosophy. There is a chain of thought and development of the theme of spirituality in this composition.

In the beginning, Guru Nanak defines God in the Mul Mantra. The goal of life is union with the Divine Being. This is possible by following the Guru's path and submission to hukam:

How shall we know the Truth? How shall we rend the veil of Un-truth away?
Abide by His will, and mould yourself to His will.
O Nanak, that is written in your heart.

**Hukum Razai implies the singing of the glories of God. God is manifest in His creation,**



www.AKJ.Org

and all Nuture obeys His Law. Man has to obey the DIvine Law and then can enter the Kingdom of God.

Normally, every man has to go through the cycle of birth and death on account of his karam but by His Grace, he obtains salvation.

The disciple must follow the Guru's word. The Guru tells the devotee never to forget the Lord. The gurmukh obeys the Guru in every way. The first step is the listening of the Name. By careful listening, he becomes free from sorrow and sin. The next step is acceptance of the power of the name, by which understanding is purified. Those who have unswerving faith in the Name liberate their souls and those of their kith and kin from the cycle of birth and death. They are honoured in the Court of God. They recite the different names of the Lord. On the other hand, many men are busy in sin and worldly ambition. Creation is a play of God. This world is a kind of Karam-bhumi, where effect must follow cause. Just as dirty clothes are cleansed by soap, in the same way , man 's evil in removed by the Name:

When a garment is defiled, it is rinsed with soap-suds.

So when the mind is polluted with sin, we must scrub it with the love of the Name. How vast is God's expanse? How great is His universe and His creation!Religious leaders and spiritualists have failed to measure His powers. He has created millions of regions, both upper and lower. No one can describe His bounties; no one can visualize His Infinitude. He alone knowns Himself.

Guru Nanak writes," Just as rivers cannot size up the ocean in the same way, the devotee cannot assess God's greatness."

He is the king of kings. Millions of gods and goddesses, angle and spirit sing His praises, and yet know not the extent of His powers. He directs Brahma, Vishnu and Shiva according to His law. Yoga is the conquest of the ego, the control over the' self '.And yet we need His grace.

The disciple has to pass through Five stages before he marges in the infinite. In three verses( pauri 35 to 37), Guru Nanak elaborates the five planes of spiritual life:

**Dharam Khand:-** This is the plane of Law, where the devotee understands the basis of the universe which is governed by a certain regularity. Nights, seasons, water, fire and air are controlled by God's law. It this plane of duty man learns righteous and moral conduct as the first step towards divinity.

**Gian Khand:-** This is the plane of knowledge or Reason. How did God create forms, colours, moons, the various types of life and the different regions? There is some purpose behind creation and this is revealed in the plane of reason. The profound knowledge of spiritual values make a man proceed on his spiritual journey.

**Sharam Khand:-** This is the plane of spiritual effort. Beauty is the presiding deity of this realm. Here, understanding, intuition and wisdom are moulded. Here the genius of the sage and the seer finds its best expression. Spiritual efforts never go unewarded.

**Karam Khand:-** This is the plane of Grace.* The devotees who serve Him without motive or self iterest and submit to his will enter the region of grace.Here we find congregations



www.AKJ.Org

of holy men who rejoice in the Lord's presence.

**Sach Khand:-** This is the Realm of Truth. God lives in this region and watches the working of the universe. He sees His creation and rejoices in it. The true saints abide in bliss here and are in tune with Him.

In the penultimate verse of the Japji, Guru Nanak lays down the code of disciplinefor the disciple. He wants the seeker to practise the following:

(i) Chastity, or control of the body and the mind.
(ii) Steady effort and perseverence in following the spiritual path.
(iii) Use of reason and understanding which illumines the mind.
(iv) Respect for the basic truths of all religions.
(v) Fearlessness, due to perfect faith in god.
(vi) Love of God, which chastens and purifies.
(vii) The Divine Name, which leads to salvation.

**Guru Nanak says:-**

Make continence your furnace, patience the goldsmith,
Understanding the anvil, divine knowledge your tools,
The fear of God the bellows, austerities the fire.
Divine love the crucible, and melt God's name there in,
In such a true mint, the word shall be coined.

In the epilogue, the saloka, Guru Nanak affirms that those who meditate on the name will have radiant faces, beaming with divine Light, and they will bring joy and salvation to many people. (To be continued)

*Guru is not opposed to spiritual effort, rather both graceand effort go together. Bhai Gurdas writes:"If a disciple walks one step towards god the Lord advances a million steps towards him."

(ਪੰਨਾ ੧੨ ਦਾ ਬਾਕੀ ....)

ਦੀ ਸੇਵਾ ਨਿਭਾਉਂਦੇ ਰਹੇ। ਆਪ ਨਾਮ ਜਪਦੇ ਅਤੇ ਹੋਰਨਾਂ ਨੂੰ ਜਪਾਉਂਦੇ ਰਹੇ। ਗੁਰਮੁਖ ਮਾਈ, ਆਪਣੀ ਜੀਵਨ-ਯਾਤ੍ਰਾ ਸਮਾਪਤ ਕਰ ਕੇ ਵਾਹਿਗੁਰੂ ਦੇ ਦਰਬਾਰ ਵਿਚ ਜਾ ਬਿਰਾਜੀ। ਪਿਛੋਂ ਭਾਈ ਮਿਹਰ ਚੰਦ ਵੀ ਚੜ੍ਹਾਈ ਕਰ ਗਿਆ। ਭਾਈ ਮਿਹਰ ਚੰਦ ਤੋਂ ਬਾਅਦ, ਉਸ ਦੀ ਔਲਾਦ ਨੇ ਧਰਮਸਾਲਾ ਦੀ ਸੇਵਾ ਸਿਰ ਤੇ ਲੈ ਲਈ। ਪੀੜ੍ਹੀ ਦਰ ਪੀੜ੍ਹੀ ਇਹ ਸੇਵਾ ਹੁੰਦੀ ਆਈ। ਇਹ ਧਰਮਸਾਲਾ (ਜੋ ਅੱਜ ਗੁਰਦੁਆਰਾ ਕੰਧ ਸਾਹਿਬ ਦੇ ਨਾਮ ਨਾਲ ਸੁਭਾਇਮਾਨ ਹੈ) ਸੰਨ ੧੯੪੮ ਈਸਵੀ ਵਿਚ ਖਾਲਸਾ ਪੰਥ ਦੇ ਹਵਾਲੇ ਕਰ ਦਿਤੀ ਗਈ।

*ਕੁਝ ਲੋਕਾਂ ਦਾ ਖ਼ਿਆਲ ਹੈ ਕਿ ਗੁਰੂ ਸਾਹਿਬ ਦਾ ਵਿਆਹ, ਵੈਦਿਕ ਰੀਤੀ ਨਾਲ ਹੋਇਆ ਸੀ, ਜੋ ਉਨ੍ਹਾਂ ਦੀ ਵੱਡੀ ਭੁੱਲ ਹੈ ਜਦ ਗੁਰੂ ਸਾਹਿਬਾਂ ਨੇ ੯ ਸਾਲ ਦੀ ਆਯੂ ਵਿਚ ਜਨੇਊ ਦੇ ਵਿਰੁਧ ਜਬਰਦਸਤ ਆਵਾਜ਼ ਉਠਾਈ ਸੀ, ਉਨ੍ਹਾਂ ਨੇ ਭਲਾ ਜਵਾਨੀ ਸਮੇਂ ਵੈਦਿਕ ਰੀਤੀ ਨਾਲ ਵਿਆਹ ਕਰਨਾ ਕਿਵੇਂ ਸਵੀਕਾਰ ਕਰ ਲਿਆ ? ਫਿਰ ਗੁਰੂ ਸਾਹਿਬ ਨੇ ਆਪਣੇ ਵਿਆਹ ਬਾਰੇ ਖ਼ੁਦ ਹੀ ਫ਼ੁਰਮਾਇਆ ਹੈ, :-

ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ (ਆਸਾ ਮਹਲਾ ੧, ਪੰਨਾ ੩੫੧)

ਵਿਆਹ ਬਾਰੇ ਸਾਡੇ ਪਾਸ ਕਈ ਇਤਿਹਾਸਕ ਸਬੂਤ ਵੀ ਮੌਜੂਦ ਹਨ- 1 ਦਸ ਗੁਰੂ ਜੋਤ ਪ੍ਰਕਾਸ਼, ਬਾਬਾ ਸੁੰਦਰ ਸਿੰਘ ਜੀ 2 ਗੁਰੂ ਖਾਲਸਾ ਤਵਾਰੀਖ਼, ਗਿਆਨੀ ਲਾਲ ਸਿੰਘ ਸੰਗਰੂਰ 3 ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੋਢੀ ਮੇਹਰਬਾਨ, 4 ਗੁਰੂ ਨਾਨਕ ਜੀਵਨ- ਇਕ ਨਵੀਂ ਖੋਜ, ਗਿਆਨੀ ਊਧਮ ਸਿੰਘ ਜੀ 5 ਬਖਸ਼ਿੰਦ ਨਾਨਕ, ਗਿਆਨੀ ਉੱਤਮ ਸਿੰਘ ਪਾਤਰ, 6 ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ, 7 ਜੀਵਨ ਚਰਿਤ੍ਰ ਸ੍ਰੀ ਗੁਰੂ ਨਾਨਕ ਦੇਵ, ਡਾ: ਤ੍ਰਿਲੋਚਨ ਸਿੰਘ 8 ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਸਥਾਨ ਧਰਮਸਾਲਾ ਤੇ ਗੁਰਦੁਆਰੇ ਸਰਦਾਰ ਸ਼ਮਸ਼ੇਰ ਸਿੰਘ 'ਅਸ਼ੋਕ'।



www.AKJ.Org

# ਅਮੋਲਕ ਵਿਚਾਰ

(ਗਿਆਨੀ ਊਧਮ ਸਿੰਘ ਜੀ)

## ਗੁਰਬਾਣੀ ਦੀ ਮਹੱਤਤਾ

ਗੁਰਬਾਣੀ, ਵਾਹਿਗੁਰੂ ਅਕਾਲ ਪੁਰਖ ਦਾ ਆਪਣਾ ਆਤਮਕ ਸਰੂਪ ਹੈ ਜਿਸ ਦਾ ਹਰ ਇਕ ਸਿੱਖ ਨੂੰ ਪੂਰਾ ਆਦਰ ਸਤਿਕਾਰ ਕਰਨਾ ਚਾਹੀਦਾ ਹੈ।

ਜਿਥੇ ਵੀ ਅਤੇ ਜਿਸ ਸਮੇਂ ਵੀ ਗੁਰਬਾਣੀ ਦਾ ਸ਼ਬਦ ਕੰਨੀ ਪਵੇ, ਉਸ ਨੂੰ ਮੰਨਕੇ ਅਦਬ ਅਤੇ ਸਤਿਕਾਰ ਦੀ ਭਾਵਨਾ ਦੇ ਨਾਲ ਸੁਨਣਾ ਚਾਹੀਦਾ ਹੈ।

ਹਰ ਇਕ ਗੁਰ ਸਿੱਖ ਮਾਈ ਭਾਈ ਨੂੰ ਦੁਖ ਸੁਖ ਅਤੇ ਹੋਰ ਕਿਸੇ ਵੀ ਕਾਰਜ ਦੇ ਸਮੇਂ ਹਮੇਸ਼ਾਂ ਗੁਰਬਾਣੀ ਦਾ ਹੀ ਓਟ ਤੇ ਆਸਰਾ ਲੈਣਾ ਚਾਹੀਦਾ ਹੈ।

ਗੁਰਬਾਣੀ ਨੂੰ ਗੁਰੂ ਸਾਹਿਬ ਦੇ ਪ੍ਰਤੱਖ ਬੋਲ ਜਾਣ ਕੇ ਭਾਉ ਅਥਵਾ ਭੈ ਵਿਚ ਰਹਿਣਾ ਤੇ ਆਪਣੇ ਭਲੇ ਲਈ ਉਨ੍ਹਾਂ ਤੇ ਅਮਲ ਕਰਨਾ ਚਾਹੀਦਾ ਹੈ।

ਗੁਰਬਾਣੀ ਦੀ ਪੋਥੀ ਗੁਟਕਾ ਅਤੇ ਬਾਣੀ ਦੇ ਪ੍ਰਮਾਣਾਂ ਵਾਲੇ ਹੋਰ ਵੀ ਸਾਰੇ ਗ੍ਰੰਥ ਅਦਬ ਸਹਿਤ ਰਖਣੇ ਅਤੇ ਸੰਭਾਲ ਕੇ ਵਰਤਨੇ ਚਾਹੀਦੇ ਹਨ।

ਗੁਰਬਾਣੀ ਵਾਲੀ ਪੁਸਤਕ ਪੜ੍ਹਣ ਤੇ ਗੁਟਕੇ ਆਦਿ ਤੋਂ ਪਾਠ ਕਰਨ ਸਮੇਂ ਜੀਭ ਨਾਲ ਉਂਗਲੀ ਗਿੱਲੀ ਕਰਕੇ ਪੱਤਰਾ ਨਹੀਂ ਪਰਤਨਾ ਚਾਹੀਦਾ।

ਗੁਰਬਾਣੀ ਦੇ ਗੁਟਕੇ ਆਦਿ ਲੋਕਾਂ ਨੂੰ ਭੇਟਾ ਤੇ ਦੇਣ ਲਈ ਕਿਸੇ ਟੇਬਲ ਜਾਂ ਚੌਂਕੀ ਤੇ ਰੱਖਣੇ ਚਾਹੀਦੇ ਹਨ, ਚਾਦਰ ਜਾਂ ਦਰੀ ਵਿਛਾ ਕੇ ਜ਼ਮੀਨ ਤੇ ਨਹੀਂ।

ਗੁਰਬਾਣੀ ਦਾ ਕੋਈ ਵਰਕਾ ਫ਼ਰਸ਼ ਦੇ ਉਤੇ ਕੂੜੇ ਵਿੱਚ ਜਾਂ ਬਾਹਰ ਸੜਕ ਤੇ ਨਹੀਂ ਸੁਟਣਾ ਚਾਹੀਦਾ, ਅਤੇ ਜਿਥੋਂ ਮਿਲੇ ਸੰਭਾਲ ਲੈਣਾ ਚਾਹੀਦਾ ਹੈ।

ਘਰਾਂ ਦੇ ਵਿੱਚ ਵੀ ਗੁਰਬਾਣੀ ਦੀ ਪੋਥੀ, ਗੁਟਕੇ ਜਾਂ ਕਿਸੇ ਵੀ ਰੂਪ ਵਿੱਚ ਸਾਡੇ ਸੌਣ ਵਾਲੇ ਪਲਘਾਂ ਜਾਂ ਕੁਰਸੀ ਤੋਂ ਨੀਵੇਂ ਥਾਂ ਤੇ ਨਹੀਂ ਰੱਖੀ ਜਾਣੀ ਚਾਹੀਦੀ।

ਗੁਰਬਾਣੀ ਦੇ ਵਰਕੇ ਰੱਦੀ ਵਿੱਚ ਨਹੀਂ ਵੇਚਣੇ ਚਾਹੀਦੇ ਤੇ ਨਾ ਉਨ੍ਹਾਂ ਦੇ ਲਫ਼ਾਫ਼ੇ ਬਣਾ ਕੇ ਦੁਕਾਨਦਾਰ ਨੂੰ ਦੇਣੇ ਜਾਂ ਆਪ ਵਰਤਨੇ ਚਾਹੀਦੇ ਹਨ।

ਜੇਹੜਾ ਗੁਰ ਸਿੱਖ ਬਾਣੀ ਨਾਲੋਂ ਟੁੱਟ ਜਾਵੇ ਉਹ ਰੱਬ ਦੇ ਨਾਲੋਂ ਟੁੱਟ ਜਾਂਦਾ ਹੈ, ਅਤੇ ਜੋ ਬਾਣੀ ਨਾਲ ਜੁੜਿਆ ਰਹੇ ਉਹ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ।

ਸਿੱਖ ਧਰਮ ਦਾ ਸਹਾਰਾ ਅਤੇ ਧੁਰਾ ਗੁਰਬਾਣੀ ਹੈ, ਜੋ ਬਾਣੀ ਦੇ ਅਨੁਸਾਰ ਜੀਵਨ ਗੁਜ਼ਾਰੇ ਅਤੇ ਬਾਣੀ ਦੀ ਓਟ ਲਈ ਰੱਖੇ, ਉਹੀ ਪੂਰਨ ਸਿੱਖ ਹੈ।

ਬਾਣੀ ਜੀਵ ਦੇ ਉਧਾਰ ਲਈ ਹੈ, ਵਿਹਾਰ ਲਈ ਨਹੀਂ, ਜੋ ਮਨੁੱਖ ਬਾਣੀ ਦੀ ਵਰਤੋਂ ਵਿਹਾਰ ਲਈ ਕਰੇ, ਉਹ ਆਤਮਕ ਉਨਤੀ ਤੋਂ ਵੰਚਿਤ ਰਹਿੰਦਾ ਹੈ।

ਬਾਣੀ ਤੋਂ ਦੂਰ ਰਹਿ ਰਹੇ ਲੋਕਾਂ ਨੂੰ ਅਪਨੀ ਬੇਸਮਝੀ ਤੇ ਹਠ ਨੂੰ ਛੱਡ ਕੇ ਇਸ ਰੱਬੀ ਅੰਮ੍ਰਿਤ ਦਾ ਅਲੌਕਿਕ ਅਨੰਦ ਜ਼ਰੂਰ ਮਾਨਣਾ ਚਾਹੀਦਾ ਹੈ।

ਜੇ ਕਿਸੇ ਸਿੱਖ ਦੀ ਰੋਜ਼ੀ ਦਾ ਸਾਧਨ ਵੀ ਗੁਰਬਾਣੀ ਹੋਵੇ ਤਾਂ ਉਸ ਦਾ ਮੁਖ ਮੰਤਵ ਰੂਹਾਨੀਅਤ ਦੀ ਪ੍ਰਾਪਤੀ, ਅਤੇ ਉਪ੍ਰੰਤ ਰੋਜ਼ੀ ਦੀ ਹੋਣਾ ਚਾਹੀਦਾ ਹੈ।

ਆਤਮ ਗੁਣਾਂ ਦੀ ਪ੍ਰਾਪਤੀ ਲਈ ਗੁਰਬਾਣੀ ਦੀ ਖੋਜ ਇਉਂ ਕਰਨੀ ਚਾਹੀਦੀ ਹੈ, ਜਿਵੇਂ ਹੀਰਿਆਂ ਦਾ ਖੋਜੀ ਸਮੁੰਦਰ ਵਿਚੋਂ ਹੀਰੇ ਲੱਭਣ ਵੇਲੇ ਕਰਦਾ ਹੈ।



www.AKJ.Org

ਜੋ ਲੋਕ ਗੁਰਬਾਣੀ ਨੂੰ ਵਿਸਾਰ ਕੇ ਜੀਂਦੇ ਹਨ, ਉਨ੍ਹਾਂ ਦੀ ਹਾਲਤ ਬਾਰੇ ਹੁਕਮ ਹੈ "ਜੈ ਤਨ ਬਾਣੀ ਵਿਸਰ ਜਾਇ ਜਿਉਂ ਪੱਕਾ ਰੋਗੀ (ਕੋਹੜੀ) ਵਿਲਲਾਇ।

## ਗ੍ਰੰਥੀ ਸਿੰਘਾਂ ਦੇ ਜੀਵਨ ਤੇ ਸੇਵਾ ਬਾਰੇ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹਜ਼ੂਰੀ, ਸੇਵਾਦਾਰ, ਗ੍ਰੰਥੀ ਸਿੰਘ ਉਹ ਹੋਣਾ ਚਾਹੀਦਾ ਹੈ, ਜੋ ਪਵਿਤ੍ਰ ਜੀਵਨ ਵਾਲਾ, ਰਹਿਤਵਾਨ ਅਤੇ ਵਿਦਵਾਨ ਹੋਵੇ।

ਉਚੇ ਸੁੱਚੇ ਜੀਵਨ ਅਤੇ ਸੇਵਾ ਭਾਵ ਵਾਲੇ ਗ੍ਰੰਥੀ ਸਿੰਘਾਂ ਦੀ ਘਾਟ ਦਾ ਹੀ ਇਹ ਨਤੀਜਾ ਹੈ, ਕੇ ਗੁਰੂ ਘਰ ਤੋਂ ਆਮ ਲੋਕਾਂ ਦੀ ਸ਼ਰਧਾ ਘਟਦੀ ਜਾ ਰਹੀ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰੀ ਗ੍ਰੰਥੀ ਸਿੰਘ ਨੂੰ ਰੋਜ਼ ਇਸ਼ਨਾਨ ਕਰਨਾ, ਨਿਤਨੇਮ ਕਰਨਾ ਅਤੇ ਬਸਤਰ ਹਮੇਸ਼ਾਂ ਸਾਫ਼ ਰਖਣੇ ਚਾਹੀਦੇ ਹਨ।

ਹੈਡ ਗ੍ਰੰਥੀ ਸਿੰਘ ਨੂੰ ਅਪਣੇ ਹੱਥੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਕਰਨੀ, ਤਾਬਿਆ ਬੈਠਣਾ, ਅਰਦਾਸ ਕਰਨੀ ਅਤੇ ਆਪ ਵਾਕ ਲੈਣਾ ਚਾਹੀਦਾ ਹੈ।

ਗੁਰੂ ਜੀ ਦੇ ਹਜ਼ੂਰੀ ਸੇਵਾਦਾਰ ਗ੍ਰੰਥੀ ਜਾਂ ਰਾਗੀ ਸਿੰਘ ਨੂੰ ਨੌਕਰੀ ਦੇ ਭੈ ਵਿੱਚ ਪਹਿਲ ਕਰਕੇ ਕਿਸੇ ਵੀ ਪ੍ਰਬੰਧਕ ਨੂੰ ਫ਼ਤਹ ਨਹੀਂ ਬੁਲਾਣੀ ਚਾਹੀਦੀ।

ਕਿਸੇ ਗ੍ਰੰਥੀ ਸਿੰਘ ਦੀ ਪ੍ਰਬੰਧਕਾਂ ਅੱਗੇ ਨਿਉਣੀ ਠਿਉਂਣੀ ਇਉਂ ਹੈ, ਜਿਵੇਂ ਕਿਸੇ ਬਾਦਸ਼ਾਹ ਦਾ ਵਜ਼ੀਰ ਐਹਲਕਾਰਾਂ ਦੇ ਅੱਗੇ ਲਿਲ੍ਹਕੜੀਆ ਲੈਂਦਾ ਫਿਰੇ।

ਗੁਰੂ ਘਰ ਦੇ ਸੇਵਾਦਾਰਾ ਨੂੰ ਪ੍ਰਬੰਧਕਾਂ ਦੇ ਹੀ ਨਹੀਂ, ਗੁਰੂ ਦੇ ਹੁਕਮ ਨੂੰ ਵੀ ਧਿਆਨ ਵਿੱਚ ਰਖਣਾ ਅਤੇ ਗੁਰਮਤਿ ਅਨੁਸਾਰ ਚਲਣਾ ਚਾਹੀਦਾ ਹੈ।

ਗੁਰਦੁਆਰਾ ਕਮੇਟੀ ਦੇ ਪ੍ਰਬੰਧਕਾਂ ਅਤੇ ਮੈਂਬਰਾਂ ਤੇ ਇਹ ਪਾਬੰਦੀ ਹੋਣੀ ਚਾਹੀਦੀ ਹੈ ਕਿ ਉਹ ਕਿਸੇ ਗ੍ਰੰਥੀ ਜਾਂ ਰਾਗੀ ਸਿੰਘ ਨੂੰ, ਤੂੰ ਕਰਕੇ ਨਾ ਬਲਾਉਣ।*

ਕਿਸੇ ਕੌਮ ਦੇ ਮਿਸ਼ਨਰੀ ਦੀ ਸ਼ਾਨ ਉਸ ਕੌਮ ਦੀ ਸ਼ਾਨ ਹੈ, ਅਤੇ ਮਿਸ਼ਨਰੀ ਦਾ ਅਪਮਾਨ ਕੌਮ ਦਾ ਅਪਮਾਨ, ਜੋ ਆਗੂਆਂ ਦੇ ਧਿਆਨ ਯੋਗ ਗਲ ਹੈ।

ਗ੍ਰੰਥੀ ਸਿੰਘਾਂ ਨੂੰ ਗੁਰਮਤਿ ਰਹੁ ਰੀਤੀ ਬਾਰੇ ਕਮੇਟੀ ਦੇ ਅਧੀਨ ਹੋ ਕੇ ਨਹੀਂ ਤੁਰਨਾ ਚਾਹੀਦਾ, ਕਿਉਂ ਕਿ ਆਮ ਮੈਂਬਰਾਂ ਨੂੰ ਗੁਰਮਤਿ ਦੀ ਸੋਝੀ ਨਹੀਂ ਹੋਂਦੀ।

ਕਿਸੇ ਵੀ ਗ੍ਰੰਥੀ ਸਿੰਘ ਜਾਂ ਧਾਰਮਕ ਸੇਵਾਦਾਰ ਨੂੰ ਕਿਸੇ ਘਰ ਉਸ ਰਸਮ ਰੀਤ ਵਿੱਚ ਨਹੀਂ ਸ਼ਾਮਲ ਹੋਣਾ ਚਾਹੀਦਾ, ਜੋ ਗੁਰਮਤਿ ਦੇ ਵਿਰੁਧ ਹੋਵੇ।**

ਗੁਰਦਵਾਰਿਆਂ ਵਿੱਚ ਗ੍ਰੰਥੀਆਂ ਅਤੇ ਸੇਵਾਦਾਰਾਂ ਦੀ ਡਿਊਟੀ ਉਨ੍ਹਾਂ ਦੀ ਯੋਗਤਾ ਅਨੁਸਾਰ ਲਾਣੀ ਚਾਹੀਦੀ ਹੈ ਕਿਸੇ ਧੜੇ ਦੇ ਜ਼ੋਰ ਜਾਂ ਲਿਹਾਜ਼ ਨਾਲ ਨਹੀਂ।

---

* ਬਹੁਤ ਥਾਵਾਂ ਦੇ ਪ੍ਰਬੰਧਕ ਗ੍ਰੰਥੀ ਸਿੰਘ ਨੂੰ ਬੜੇ ਘਟੀਆ ਅਤੇ ਨਿਰਾਦਰੀ ਭਰੇ ਸ਼ਬਦਾ ਨਾਲ ਬੁਲਾਦੇ ਅਤੇ ਗਾਹਲਾਂ ਤਕ ਕੱਢਦੇ, ਆਪ ਦੇਖੇ ਸੁਣੇ ਹਨ। ਉਨ੍ਹਾ ਦੇ ਦਿਮਾਗ ਵਿੱਚ ਪ੍ਰਬੰਧਕ ਬਣ ਕੇ ਹੀ ਇਸ ਤਰ੍ਹਾਂ ਦੀ ਖ਼ੁਮਾਰੀ ਚੜ੍ਹ ਜਾਂਦੀ ਹੈ ਜਿਵੇਂ ਉਹ ਗੁਰੂ ਦੇ ਸੇਵਾਦਾਰ ਨਹੀਂ ਕਿਸੇ ਥਾਣੇ ਦੇ ਥਾਣੇਦਾਰ ਹਨ, ਅਤੇ ਗ੍ਰੰਥੀ ਸਿੰਘ ਗੁਰੂ ਘਰ ਦਾ ਨਹੀਂ, ਉਨ੍ਹਾਂ ਦਾ ਨੌਕਰ ਹੈ। ਹੰਕਾਰੀ ਲੋਕਾ ਦੇ ਅਜਿਹੇ ਵਤੀਰੇ ਨੇ ਹੀ ਚੰਗੇ ਮਿਸ਼ਨਰੀ ਪੈਦਾ ਹੋਣ ਦੇ ਰਾਹ ਵਿੱਚ ਰੋੜੇ ਅਟਕਾਇ ਹਨ, ਇਸ ਲਈ ਕੋਈ ਸਿੱਖ ਪਰਿਵਾਰ, ਵਸ ਲੱਗੇ ਅਪਣੇ ਬੱਚਿਆਂ ਨੂੰ ਇਸ ਪਾਸੇ ਨਹੀਂ ਪੈਣ ਦੇਂਦਾ।

ਕਿਸੇ ਗ੍ਰੰਥੀ ਸਿੰਘ ਦੀ ਤਾ ਰਾਈ ਭਰ ਭੁੱਲ ਪਿਛੇ ਝੱਟ ਪ੍ਰਧਾਨਾਂ ਸਕੱਤ੍ਰਾਂ ਅਗੇ ਪੇਸ਼ੀ ਹੋ ਜਾਂਦੀ ਹੈ ਪਰ ਉਹ ਜੇ ਗੁਰੂ ਘਰ ਦੇ ਵਜ਼ੀਰ ਦੀ ਨਿਰਾਦਰੀ ਕਰਨ ਜਾ ਕੋਈ ਗਲਤੀ ਕਰਨ ਤਾਂ ਉਨ੍ਹਾਂ ਦੀ ਕਿਸੇ ਅਗੇ ਪੇਸ਼ੀ ਹੋਣ ਦਾ ਕੌਮ ਵਿਚ ਕੋਈ ਪ੍ਰਬੰਧ ਨਹੀਂ।

ਜਿਸ ਰਾਗੀ ਜਾਂ ਗ੍ਰੰਥੀ ਵਿੱਚ ਕੋਈ ਇਖਲਾਕੀ ਕਮਜੋਰੀ ਦਿੱਸੇ ਉਸ ਨੂੰ ਸੇਵਾ ਤੋਂ ਹਟਾ ਦੇਣਾ ਚਾਹੀਦਾ ਹੈ, ਪਰ ਜੱਦ ਤੱਕ ਉਹ ਸੇਵਾ ਤੇ ਨਿਯੁਕਤ ਹੈ ਉਸ ਦਾ ਸਤਿਕਾਰ ਕਰਨਾ ਚਾਹੀਦਾ ਹੈ।

** ਕਈ ਗ੍ਰੰਥੀ ਸਿੰਘ ਅਸਾਂ ਆਮ ਵੇਖੇ ਹਨ ਜੋ ਕਿਸੇ ਸਹਜ ਧਾਰੀ ਦੇ ਘਰ ਬੱਚੇ ਦੇ ਮੁੰਨਨ ਅਤੇ ਸਰਾਧ ਦੀ ਅਰਦਾਸ ਕਰਨ ਵੀ ਤੁਰ ਪੈਂਦੇ ਹਨ।



www.AKJ.Org

ਕੋਈ ਵੀ ਗ੍ਰੰਥੀ, ਰਾਗੀ ਜਾਂ ਪ੍ਰਚਾਰਕ, ਜੋ ਦਾਹੜੀ ਰੰਗਦਾ ਜਾਂ ਸ਼ਰਾਬ ਆਦਿ ਨਸ਼ਿਆਂ ਦਾ ਸੇਵਨ ਕਰਦਾ ਹੋਵੇ, ਉਸ ਨੂੰ ਸੇਵਾ ਤੇ ਨਹੀਂ ਲਗਾਣਾ ਚਾਹੀਦਾ।

ਕਿਸੇ ਗ੍ਰੰਥੀ, ਰਾਗੀ ਜਾਂ ਸੇਵਾਦਾਰ ਨੂੰ ਮੁੱਕਰਰ ਉਜਰਤ ਤੋਂ ਬਿਨਾ, ਗੁਰੂ ਘਰ ਦਾ ਇਕ ਪੈਸਾ ਹੇਰਾ ਫੇਰੀ ਜਾਂ ਚੋਰੀ ਕਰਕੇ ਨਹੀਂ ਵਰਤਣਾ ਚਾਹੀਦਾ।

ਗੁਰਦਵਾਰਿਆਂ ਦੇ ਕਿਸੇ ਮੁਲਾਜ਼ਮ ਨੂੰ ਲੋਕਾਂ ਨਾਲ ਖਰ੍ਹਵਾ ਵਰਤਾਉ ਨਹੀਂ ਕਰਨਾ ਚਾਹੀਦਾ, ਕਿਉਂਕਿ ਇਸ ਤਰ੍ਹਾਂ ਸਿੱਖ ਧਰਮ ਦਾ ਮਾਣ ਘਟਦਾ ਹੈ।

ਗੁਰਦਵਾਰੇ ਵਿੱਚ ਕਿਸੇ ਦੀ ਗੁਆਚੀ ਵਸਤੂ ਮਿਲਣ ਤੇ ਗ੍ਰੰਥੀ। ਸੇਵਾਦਾਰ, ਜਾ ਪ੍ਰਬੰਧਕਾਂ ਨੂੰ ਕੋਸ਼ਿਸ਼ ਕਰਕੇ ਉਸ ਵਿਅਕਤੀ ਨੂੰ ਪੁਚਾਣੀ ਚਾਹੀਦੀ ਹੈ।

ਆਮ ਲੋਕਾਂ ਦੀ ਇਹ ਰੁਚੀ ਘਿਰਣਾ ਯੋਗ ਹੈ, ਜੋ ਗੁਰੂ ਘਰ ਦੇ ਕਿਸੇ ਮਿਸ਼ਨਰੀ ਜਾਂ ਗ੍ਰੰਥੀ ਸਿੰਘ ਦਾ ਸੌਖਾ ਰਹਿਣ ਸਹਿਣ ਬਰਦਾਸ਼ਤ ਨਹੀਂ ਕਰਦੇ।

ਜੋ ਆਦਰ ਤੇ ਸਤਕਾਰ ਮਿਸ਼ਨਰੀ ਦਾ ਦੂਜੇ ਫ਼ਿਰਕਿਆਂ ਦੇ ਵਿੱਚ ਹੈ ਉਹ ਸਿੱਖ ਪੰਥ ਵਿੱਚ ਨਹੀਂ ਜੋ ਸਿੱਖੀ ਪ੍ਰਚਾਰ ਦੇ ਲਈ ਹਾਨੀਕਾਰਕ ਗੱਲ ਹੈ।

ਗੁਰਦੁਆਰੇ ਦੀ ਇਮਾਰਤ ਲੱਖਾ ਰੁਪਏ ਲਾਕੇ ਬਨਾਣੀ ਅਤੇ ਗ੍ਰੰਥੀ ਸਿੰਘ ਨੂੰ ਇਕ ਗੰਦੇ ਘੁਰਣੇ ਵਿੱਚ ਰੱਖਣਾ, ਗੁਰੂ ਦੇ ਵਜ਼ੀਰ ਦਾ ਅਪਮਾਨ ਹੈ।

## ਹੁਕਮ ਨਾਮਾ (ਵਾਕ) ਲੈਣ ਦੀ ਮਰਯਾਦਾ

ਜਿਸ ਗੁਰਦੁਆਰੇ ਪਾਠਾ ਦੇ ਭੋਗ ਸਮੇਂ ਦੋ ਬੀੜਾਂ ਦਾ ਪ੍ਰਕਾਸ਼ ਹੋਇਆ ਹੋਵੇ, ਉਥੇ ਦੀਵਾਨ ਦੇ ਭੋਗ ਵੇਲੇ ਹਰ ਬੀੜ ਤੋਂ ਵਾਕ ਲੈਣਾ ਜ਼ਰੂਰੀ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਜਾਂ ਵਾਕ ਲੈਣ ਸਮੇਂ ਮੂੰਹ ਦੇ ਅੱਗੇ ਰੁਮਾਲ ਰੱਖਣਾ ਚਾਹੀਦਾ ਹੈ, ਤਾਂ ਕਿ ਮਹਾਰਾਜ ਤੇ ਮੂੰਹ ਦੀ ਛਿੱਟ ਨਾ ਪਵੇ।

ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਕੇਵਲ ਤਾਬਿਆ ਬੈਠੇ ਇਕੋ ਸਿੰਘ ਨੂੰ ਹੀ ਲੈਣਾ ਚਾਹੀਦਾ ਹੈ, ਦੋ ਜਾਂ ਜ਼ਿਆਦਾ ਸਿੰਘਾਂ ਦਾ ਵਾਕ ਲੈਣਾ ਯੋਗ ਮਰਯਾਦਾ ਨਹੀਂ।

ਵਾਕ ਹਮੇਸ਼ਾਂ ਅਰਦਾਸ ਤੋਂ ਪਿਛੋਂ ਹੀ ਲੈਣਾ ਚਾਹੀਦਾ ਹੈ, ਵਾਕ ਲੈ ਕੇ ਪਿਛੋਂ ਅਰਦਾਸ ਕਰਨੀ ਉਲਟੀ ਮਰਯਾਦਾ ਹੈ, ਜੋ ਕਈ ਸਾਧਾ ਦੇ ਡੇਰੇ ਦੇਖੀ ਹੈ।

ਸੰਗਤ ਵਿੱਚ ਵਾਕ ਗ੍ਰੰਥੀ ਸਿੰਘ ਨੂੰ ਹੀ ਲੈਣਾ ਚਾਹੀਦਾ ਹੈ, ਜੇ ਕੋਈ ਹੋਰ ਲਵੇ ਤਾਂ ਉਹ ਸਾਬਤ ਸੂਰਤ ਹੋਵੇ ਤੇ ਦਾਹੜਾ ਬੰਨ੍ਹਦਾ ਜਾਂ ਰੰਗਦਾ ਨਾ ਹੋਵੇ।

ਵਾਕ ਦੇ ਅਰੰਭ ਸਮੇਂ, ਉਚਾਰਨ ਵਾਲੇ ਗੁਰੂ ਜਾਮੇ ਦਾ ਧੰਨ ਧੰਨ ਕਹਿਕੇ ਨਾਮ ਲੈਣਾ ਯੋਗ ਨਹੀਂ, ਕਿਉਂਕਿ ਹੁਕਮ ਨਾਮਾ ਕੇਵਲ ਹੁਕਮ ਨਾਮਾ ਹੈ।

ਮਹਾਰਾਜ ਦਾ ਵਾਕ ਖੱਬੇ ਹੱਥ ਦੇ ਪੰਨੇ ਦਾ ਪਹਿਲਾ ਸ਼ਬਦ ਹੋਂਦਾ ਹੈ, ਜੇ ਉਹ ਪਿਛੋਂ ਸ਼ੁਰੂ ਹੋਂਦਾ ਹੋਵੇ ਤਾਂ ਪੱਤਰਾਂ ਪਰਤ ਕੇ ਵਾਕ ਲੈਣਾ ਚਾਹੀਦਾ ਹੈ।

ਕਿਸੇ ਪਾਠ ਰਖਾਣ ਵਾਲੇ ਪ੍ਰੇਮੀ ਦੇ ਮੂੰਹ ਮੱਥੇ ਜਾਂ ਕੰਮ ਦੇ ਅਨੁਸਾਰ ਪਹਿਲਾਂ ਵਾਕ ਲੱਭ ਕੇ ਰੱਖਣਾ, ਜਾਂ ਢੂੰਡ ਕੇ ਲੈਣਾ ਆਪ ਹੁਦਰੀ ਮਨਮਤਿ ਹੈ।

ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਨਾਮਾ ਵਡਾ ਹੋਵੇ ਭਾਵੇਂ ਛੋਟਾ, ਜਾਂ ਕਿਸੇ ਵੀ ਭਾਵ ਵਾਲਾ ਹੋਵੇ ਉਸ ਨੂੰ ਛਡ ਕੇ ਦੂਜਾ ਲੈਣਾ ਮਨਮਤਿ ਅਤੇ ਭੁੱਲ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਵਾਕ ਸਾਰੀ ਸੰਗਤ ਨੂੰ ਇਕਾਗਰ ਚਿੱਤ ਹੋ ਕੇ ਸੁਨਣਾ ਚਾਹੀਦਾ ਹੈ, ਨਾਲ ਦੇ ਨਾਲ ਕਿਸੇ ਨੂੰ ਬੋਲਣਾ ਨਹੀਂ ਚਾਹੀਦਾ।

ਇਹ ਮਰਯਾਦਾ ਯੋਗ ਨਹੀਂ ਕਿ ਗੁਰਦੁਆਰੇ ਵਿਚ ਉਹੀ ਵਾਕ ਬਾਰ ਬਾਰ ਲਿਆ ਜਾਇ, ਵਾਕ (ਹੁਕਮ) ਉਹ ਹੋਂਦਾ ਹੈ ਜੋ ਹਰ ਸਮੇਂ ਸੁਭਾਵਕ ਆਵੇ।



www.AKJ.Org

# ਕਿਵੇਂ ਜੀਵੀਏ ਜੀਵਨ

**ਵਿਦਿਅਕ ਜੀਵਨ :** (ਬੀਬੀ ਹਰਦੀਪ ਕੌਰ)

ਜਿਹੜੀ ਵਿਦਿਆ ਵਿਦਿਆਰਥੀਆਂ ਨੂੰ ਸੱਚਾ ਗਿਆਨ ਦੇਵੇ, ਉਸ ਦੇ ਸਰੀਰ ਨੂੰ ਅਰੋਗ, ਮਨ ਨੂੰ ਨੀਵਾਂ, ਮਤ ਨੂੰ ਉਚਾ ਰੱਖਣਾ ਸਿਖਾਵੇ, ਜਿਹੜੀ ਵਿਦਿਆ ਬੱਚੇ ਦੀ ਸ਼ਖਸੀਅਤ ਬਣਾਏ, ਵਿਦਿਆਰਥੀ ਦੀ ਆਚਰਣ ਉਸਾਰੀ ਕਰੇ, ਨੈਤਿਕਤਾ ਸਿਖਾਵੇ, ਕੋਈ ਕਿੱਤਾ ਕਰਨ ਯੋਗ ਬਣਾਏ, ਕੋਈ ਹੁਨਰ ਸਿਖਾਵੇ, ਪੈਰਾਂ ਤੇ ਖੜ੍ਹਾ ਕਰੇ, ਵਿਦਿਆਰਥੀ ਨੂੰ ਕੰਮ ਕਰਨ ਦੀ ਵੱਡਤਣ ਦੱਸੇ, ਸੇਵਾ ਪਰਉਪਕਾਰ, ਸਤਿਕਾਰ ਕਰਨਾ ਦੀ ਰੀਤ ਪੈਦਾ ਕਰੇ, ਸਚੁ ਅਚਾਰ ਦੇ ਲੜ ਲਾਵੇ, ਸੰਤ ਸਿਪਾਹੀ ਬਣਨ ਲਈ ਉਤਸ਼ਾਹ ਪੈਦਾ ਕਰੇ ਜੋ ਮਾਂ ਬੋਲੀ ਲਈ ਪਿਆਰ ਤੇ ਫ਼ਖਰ ਪੈਦਾ ਕਰੇ। ਜੋ ਉਸਨੂੰ ਆਪਣੇ ਅਧਿਆਪਕਾਂ, ਮਾਪਿਆਂ, ਪ੍ਰਵਾਰ ਦੇ ਜੀਆਂ, ਧਰਮ ਸਮਾਜ, ਕੌਮ, ਦੇਸ਼ ਪ੍ਰਤੀ ਫ਼ਰਜ ਨਿਭਾਉਣ ਲਈ ਪ੍ਰੇਰਿਤ ਕਰੇ, ਉਹ ਵਿਦਿਆ ਹੀ ਸਹੀ ਅਰਥਾਂ ਵਿਚ ਲਾਭਦਾਇਕ ਵਿਦਿਆ ਹੈ। ਪਰ ਭਾਰਤ ਦੇ ਸਕੂਲਾ, ਕਾਲਜਾ ਵਿਚ ਜੋ ਵਿਦਿਆ ਇਸ ਸਮੇਂ ਦਿੱਤੀ ਜਾ ਰਹੀ ਹੈ। ਉਹ ਉਪਰ ਦੱਸੇ ਗੁਣ ਪੈਦਾ ਨਹੀਂ ਕਰ ਰਹੀ।

ਕਈ ਸਕੂਲਾਂ ਵਿੱਚ ਦਿੱਤੀ ਜਾ ਰਹੀ ਵਿਦਿਆ ਤਾਂ ਗੁਲਾਮੀ, ਬੇਈਮਾਨੀ, ਖ਼ੁਦਗਰਜ਼ੀ, ਗੁਸਤਾਖੀ, ਨਾਸਤਕਤਾ, ਬੇਸ਼ਰਮੀ, ਸੀਨਾ ਜ਼ੋਰੀ ਆਦਿ ਵੱਲੋਂ ਵਿਦਿਆਰਥੀਆਂ ਨੂੰ ਧਕੇਲ ਰਹੀ ਹੈ। ਜਿਸ ਬੱਚੇ ਨੂੰ ਨਰਸਰੀ ਕਲਾਸ ਤੋਂ ਹੀ ਮਾਂ ਬੋਲੀ 'ਚ ਵਿਦਿਆ ਦੇਣ ਦੀ ਬਜਾਇ, ਬਦੇਸ਼ੀ ਜ਼ਬਾਨ ਰਾਹੀਂ ਪੜ੍ਹਾਈ ਲਿਖਾਈ, ਸਿਖਲਾਈ ਕੀਤੀ ਜਾਵੇ ਜੋ ਸਰਾਸਰ ਵਿਦਿਆ ਦੇ ਅਸੂਲਾਂ ਦੇ ਉਲਟ ਹੈ, ਜੋ ਬੱਚੇ ਦੇ ਸਿਰ ਤੇ ਬੋਝ ਪਾਉਣਾ ਹੈ, ਉਸਦੀ ਸੋਚ ਨੂੰ ਗੁਲਾਮ ਬਨਾਉਣਾ ਹੈ, ਉਸ ਨਾਲ ਬੇਇਨਸਾਫੀ ਕਰਨ ਦੇ ਤੁਲ ਹੈ। ਕਿਤਾਬਾਂ ਦੇ ਬੋਝ ਨੇ ਬੱਚਿਆਂ ਨੂੰ ਗਧੇ ਬਣਾ ਦਿੱਤਾ ਹੈ। ਬੱਚਿਆਂ ਦੇ ਸਿਲੇਬਸ ਅਤੇ ਕਿਤਾਬਾਂ ਦੀ ਗਿਣਤੀ ਘੱਟ ਕੀਤੀ ਜਾਣੀ ਚਾਹੀਦੀ। ਅਜਿਹਾ ਕਰਨ ਨਾਲ ਬੱਚਿਆਂ ਦੇ ਦਿਮਾਗਾਂ ਤੋਂ ਬੋਝ ਘਟੇਗਾ ਅਤੇ ਉਹ ਜਿੰਨਾ ਕੁ ਪੜ੍ਹਨਗੇ, ਉਸ ਉਤੋਂ ਜ਼ਿਆਦਾ ਅਮਲ ਕਰਨਗੇ। ਇਸ ਤਰ੍ਹਾਂ ਕਰਨ ਨਾਲ ਉਹਨਾਂ ਦਾ ਬੌਧਿਕ ਵਿਕਾਸ ਵਧੇਰੇ ਹੋਵੇਗਾ।

**ਵੰਡ ਛਕਣਾ, ਸੇਵਾ, ਪਰਉਪਕਾਰੀ ਜੀਵਨ :**

ਸੇਵਾ ਉਹੀ ਪਰਵਾਨ ਹੁੰਦੀ ਹੈ ਜੋ ਨਿਸ਼ਕਾਮ ਹੋਵੇ, ਹਉਮੈ ਰਹਿਤ ਹੋਵੇ ਜੋ ਕਿਸੇ ਗਰਜ਼ ਨੂੰ ਪੂਰਾ ਕਰਨ ਲਈ ਨਾ ਹੋਵੇ। ਜਿਸ ਸੇਵਾ ਰਾਹੀਂ

- ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥
- ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥

ਆਪ ਨਾਮ ਜਪ ਕੇ ਹੋਰਨਾਂ ਨੂੰ ਨਾਮ ਜਪਾ ਕੇ ਭੀ ਸੇਵਾ ਕੀਤੀ ਜਾ ਸਕਦੀ ਹੈ।

ਆਪਿ ਜਪੈ ਅਵਰਹ ਨਾਮੁ ਜਪਾਵੈ............

ਗਿਆਨ ਵੰਡਣਾ ਭੀ ਸੇਵਾ ਹੈ। ਭੁੱਲਿਆਂ ਨੂੰ ਸਹੀ ਰਾਹ ਦੱਸਣਾ, ਧਰਮ ਪ੍ਰਚਾਰ ਕਰਨਾ ਆਦਿ ਸੇਵਾ ਹੈ। ਧਰਮ, ਹੱਕ, ਸੱਚ ਦੀ ਰਾਖੀ ਲਈ ਕੁਰਬਾਨੀ ਦੇਣੀ ਉਤਮ ਸੇਵਾ ਹੈ। ਗੁਰੂ ਨਾਨਕ ਦੇਵ ਜੀ ਨੇ ੨੨ ਸਾਲ ਔਜੜੇ, ਖਤਰਨਾਕ ਰਾਹਾਂ 'ਚ ਪੈਦਲ ਤੁਰ ਕੇ ਧਰਮ ਲੁਕਾਈ ਨੂੰ ਸੋਧਣ ਲਈ ਵਡਮੁੱਲੀ ਸੇਵਾ ਕੀਤੀ ਸੀ। ਗੁਰੂ ਸਾਹਿਬਾਨ ਨੇ ਆਪਣੀ ਕਥਨੀ ਦੁਆਰਾਂ ਭੀ ਸੇਵਾ, ਪਰਉਪਕਾਰ, ਦਾਨ ਦੇਣ, ਦਸਵੰਧ ਦੇਣ ਲਈ ਭੀ ਉਪਦੇਸ਼ ਦਿੱਤਾ, ਗਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ।

- ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥
- ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ॥
  ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ॥

ਸੇਵਾ ਜਾਣਹੁ ਮੱਧ ਸਿੱਖੀ ਧਰਮ ਦਾ, ਸੇਵਾ ਜਾਣਹੁ ਅੰਤ ਸਿਖੀ ਕਰਮ ਦਾ। ਨਿਸ਼ਕਾਮਤਾ, ਦਰਦਵੰਦੀ, ਭਲਾ ਕਰਕੇ ਭੁਲਾ ਦੇਣਾ ਸੇਵਕ ਦੇ ਗੁਣ ਹਨ।



www.AKJ.Org

**ਪੰਥਕ ਜੀਵਨ :**

ਗੁਰੂ ਗੋਬਿੰਦ ਸਿੰਘ ਜਾ ਸਾਜਿਆ ਹੋਇਆ ਖਾਲਸਾ ਪੰਥ ਇਕ ਨਿਆਰੀ ਕੌਮ, ਜਿਸ ਵਿਚ ਕੌਮ ਹੋਣ ਦੇ ਸਾਰੇ ਗੁਣ ਪਾਏ ਜਾਂਦੇ ਹਨ। ਹਰੇਕ ਸਿੱਖ, ਖਾਲਸਾ ਕੌਮ ਦਾ ਅਨਿਖੜਵਾ ਅੰਗ ਹੈ। ਕੌਮ ਦਾ ਸੰਤ ਸਿਪਾਹੀ ਹੈ। ਇਸ ਲਈ ਹਰ ਸਿੱਖ ਨੇ ਆਪਣੇ ਫਰਜ਼ ਖਾਲਸਾ ਪੰਥ ਪ੍ਰਤੀ ਨਿਭਾਉਣੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਉਚੇਰੇ ਪੰਥ ਦੀ ਸ਼ਾਨ ਕਾਇਮ ਰੱਖਣੀ ਹੈ। ਸਿੱਖ ਨੇ ਉਹ ਕਰਮ ਕਰਨੇ ਹਨ, ਜਿਨ੍ਹਾਂ ਨਾਲ ਕੌਮ ਦੀ ਆਨ ਸ਼ਾਨ, ਵਡਿਆਈ ਇਜ਼ਤ, ਮਾਨ ਕਾਇਮ ਰਹੇ। ਕੋਈ ਐਸਾ ਨੀਚ ਕਰਮ ਨਹੀਂ ਕਰਨਾ ਜਿਸ ਨਾਲ ਕੌਮ ਨੂੰ ਧੱਕਾ ਲੱਗੇ, ਕੌਮ ਦੀ ਬਦਨਾਮੀ ਹੋਵੇ। ਸਿੱਖ ਨੇ ਪੰਥ ਕੀ ਜਾਤਿ, ਪੰਥ ਦੀ ਚੜ੍ਹਦੀ ਕਲਾ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਸੰਕੋਚ ਨਹੀਂ ਕਰਨਾ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਆਪਣਾ ਰੂਪ ਬਖਸ਼ਿਆ ਹੋਇਆ ਹੈ, ਖਾਲਸਾ ਗੁਰੂ ਦੀ ਜਿੰਦ ਜਾਨ ਹੈ, ਸੋਭਾ ਹੈ। ਗੁਰੂ ਜੀ ਨੇ ਸਿਖ ਨੂੰ ਆਪਣਾ ਪੁੱਤਰ ਬਣਾਇਆ ਹੋਇਆ ਹੈ ਅਤੇ ਸਿੱਖ ਪੁੱਤਰਾਂ ਤੇ ਆਪਣੇ ਚਾਰੇ ਸਾਹਿਬਜ਼ਾਦੇ ਵਾਰ ਦਿੱਤੇ ਸਨ ਤੇ ਕਿਹਾ ਸੀ :-

**ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ,**
**ਚਾਰ ਮੂਏ ਤੋਂ ਕਿਆ ਹੂਆ ਜੀਵਤ ਕਈ ਹਜ਼ਾਰ।।**

ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਰਾਜ ਦੇ ਸਤਾਏ ਹੋਏ, ਬ੍ਰਾਹਮਣਾਂ ਦੇ ਦੁਰਕਾਰੇ ਹੋਏ, ਨੀਚ ਸਤੇ ਹੋਇਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਆਪਣੇ ਪਿਆਰੇ ਬਣਾ ਲਿਆ ਸੀ। ਇਸੇ ਤਰ੍ਹਾਂ ਹੁਣ ਫੇਰ ਲੋੜ ਹੈ ਧਰਮ ਪ੍ਰਚਾਰ ਦੀ। ਅੰਮ੍ਰਿਤ ਛਕਾਉਣ ਦੀ ਮੁਹਿੰਮ ਚਲਾਉਣ ਦੀ। ਪ੍ਰਭਾਤ ਫੇਰੀਆਂ ਗਰੀਬ ਅਛੂਤਾਂ ਦੀਆਂ ਬਸਤੀਆਂ 'ਚ ਦੀਵਾਨ ਸਜਾ ਕੇ ਧਾਰਮਿਕ ਸਾਹਿਤ ਵੰਡ ਕੇ, ਬੀਮਾਰਾਂ ਲਈ ਦਵਾਖਾਨੇ, ਅਨਪੜ੍ਹਾਂ ਲਈ ਸਕੂਲ ਖੋਲ੍ਹ ਕੇ ਹਰ ਤਰ੍ਹਾਂ ਦੀ ਸਹਾਇਤਾ ਕਰਕੇ ਇਨ੍ਹਾਂ ਨੂੰ ਸਿੰਘ ਸਜਣ ਲਈ ਪ੍ਰੇਰਣਾ ਕਰਨ ਦੀ। ਪੰਥ, ਪੰਜਾਬ ਦੇ ਹੱਕਾਂ ਲਈ, ਇਨਸਾਫ ਲਈ, ਮਨੁੱਖੀ ਅਧਿਕਾਰਾਂ ਲਈ ਭੀ ਜੂਝਨ, ਸੰਘਰਸ਼ ਕਰਨ ਦੀ ਇਸ ਸਮੇਂ ਲੋੜ ਹੈ।

ਜਿਸ ਦਾ ਰੱਬ ਸਾਂਝਾ, ਜਿਸ ਦੇ ਉਪਦੇਸ਼ ਸਭਨਾਂ ਲਈ ਹਨ, ਜਿਸ ਦੇ ਗੁਰਦੁਆਰੇ ਅਤੇ ਗੁਰੂ ਸਾਂਝੇ ਗੁਰੂ ਗ੍ਰੰਥ ਸਾਹਿਬ ਸਾਂਝਾ, ਸੰਗਤ ਪੰਗਤ ਸਾਂਝੀ ਅਤੇ ਜੋ ਕਰਮ ਕਾਂਡ, ਫੋਕੀਆ ਰਹੁਰੀਤਾ, ਵਹਿਮਾਂ ਭਰਮਾਂ, ਜਾਤ ਪਾਤ, ਊਚ ਨੀਚ, ਛੂਤ-ਛਾਤ ਤੋਂ ਰਹਿਤ ਹੈ। ਉਸ ਧਰਮ ਨੂੰ ਵਰਤਮਾਨ ਵਿਗਿਆਨਿਕ ਯੁੱਗ ਦਾ ਵਿਸ਼ਵ ਧਰਮ ਕਿਹਾ ਜਾ ਸਕਦਾ ਹੈ। ਜੋ ਸਭ ਮਨੁੱਖਾਂ ਨੂੰ ਸਮਾਨ ਸਮਝਦਾ ਹੈ। ਜੋ ਮਨੁੱਖ ਦੇ ਜੀਵਨ ਨੂੰ ਲੋਕ ਸੁਖੀਏ ਪ੍ਰਲੋਕ ਸੁਹੇਲੇ ਹੋਣਾ ਦਰਸਾਉਂਦਾ ਹੈ। ਜੋ ਸਿੱਖ ਗੁਰੂਆਂ ਦਾ ਦੱਸਿਆਂ, ਖੁਦ ਕਮਾਇਆ ਤੇ ਪ੍ਰਚਾਰਿਆ ਹੋਇਆ ਹੈ, ਜੋ ਕਿ ਵਿਚਾਰ ਪ੍ਰਧਾਨ ਹੈ ਭਾਵ ਜਿਸ ਦੇ ਭਾਵ ਅਰਥ ਸਮਝਣੇ ਜ਼ਰੂਰੀ ਹਨ ਤਾਂ ਕਿ ਅਸੀਂ ਉਸ ਸਿੱਖਿਆ ਅਨੁਸਾਰ ਕੰਮ ਕਰ ਸਕੀਏ। ਸਿੱਖ ਧਰਮ ਇਕ ਸਪੱਸ਼ਟ ਤੇ ਸਿੱਧਾ ਰਾਹ ਹੈ, ਸੁਚੱਜੀ ਜੀਵਨ ਜਾਂਚ ਹੈ। ਸਿੱਖ ਧਰਮ ਅਨੁਸਾਰ ਹਰ ਸਿੱਖ ਨੇ ਅੰਮ੍ਰਿਤ ਛੱਕ ਕੇ ਸੰਤ ਸਿਪਾਹੀ ਬਣਨਾ ਹੈ ਬਾਣੀ ਤੇ ਬਾਣੇ ਦੀਆਂ ਰਹਿਤਾਂ ਰੱਖਣੀਆਂ ਹਨ। ਕੇਵਲ ਚਾਰ ਕੁਰਹਿਤਾਂ ਤਿਆਗਣੀਆਂ ਹੀ ਕਾਫੀ ਨਹੀਂ, ਹੋਰ ਵੀ ਜੋ ਕੁਝ ਕਰਨ ਤੋਂ ਸਾਨੂੰ ਗੁਰੂ ਸਾਹਿਬਾਨ ਦੇ ਵਰਜਿਆ ਹੋਇਆ ਹੈ, ਉਹ ਕੁਰਹਿਤਾਂ ਵੀ ਨਹੀਂ ਕਰਨੀਆਂ ਚਾਹੀਦੀਆਂ। ਸਿੱਖ ਧਰਮ ਸਾਨੂੰ ਖੁਰਾਕ, ਪੋਸ਼ਾਕ, ਗਿਆਨ ਇੰਦਰੀਆਂ ਦੀ ਵਰਤੋਂ। ਸਰੀਰ, ਮਨ, ਬੁੱਧੀ, ਆਤਮਾ ਪਰਵਾਰਿਕ ਜੀਵਨ, ਸਮਾਜਿਕ ਤੇ ਆਰਥਿਕ ਜੀਵਨ, ਵਿਦਿਅਕ ਤੇ ਰਾਜਨੀਤਕ ਜੀਵਨ ਬਾਰੇ ਵੀ ਜੋ ਸੇਧ ਦਿੰਦਾ ਹੈ, ਇਸ ਲੇਖ ਰਾਹੀਂ ਉਸਦੀ ਗੱਲ ਮੇਰਾ ਮਨੋਰਥ ਹੈ। ਪੰਥ ਪ੍ਰਤੀ ਫਰਜ਼ਾਂ ਦੀ ਜਾਣਕਾਰੀ ਦੇਣਾ ਹੀ ਮਨੋਰਥ ਹੈ।

**ਕਿਵ ਸਚਿਆਰਾ ਹੋਈਐ :**

ਜਦੋਂ ਕਿ ਜੀਵਨ ਮਨੋਰਥ ਮੁਕਤ ਹੋਣਾ ਹੈ ਅਤੇ ਜੀਵਨ ਮੁਕਤਿ ਹੋਣਾ, ਹਰਿ ਜੋ ਸਚ ਸਰੂਪ ਹੈ ਉਸ ਜੈਸਾ ਸਚਿਆਰਾ ਬਣਨਾ ਜ਼ਰੂਰੀ ਹੈ। ਸਚਿਆਰਾ ਬਣਨ ਲਈ ਹੁਕਮਿ ਰਜਾਈ ਚਲਣਾ ਹੋਵੇ। ਜੋ ਮਨੁੱਖ ਦੀ ਸਿਰਜਣਾ ਕਰਨ ਸਮੇਂ ਤੋਂ ਹੀ ਮਨੁੱਖ ਦੇ ਮਨ ਵਿਚ ਲਿਖਿਆ ਪੱਕੇ ਤੌਰ ਤੇ ਸਰੀਰ ਨਾਲ ਆ ਰਿਹਾ



www.AKJ.Org

ਹੈ। ਹੁਕਮ ਰਜਾਈ ਚਲਣ ਲਈ ਹੁਕਮਿ ਰਜਾਈ ਦੇ ਅਰਥ ਸਮਝਣੇ ਜ਼ਰੂਰੀ ਹਨ। ਵਾਹਿਗੁਰੂ ਨੇ ਜੋ ਮਨ ਬਖ਼ਸ਼ਿਆ ਹੋਇਆ ਹੈ ਉਹ ਮਾਸ ਜਾਂ ਹੱਡੀ ਦਾ ਟੁਕੜਾ ਨਹੀਂ ਹੈ। ਉਹ ਮਨੋਵਿਗਿਆਨੀਆਂ ਅਨੁਸਾਰ ਚੰਗੀਆਂ ਅਤੇ ਮੰਦੀਆਂ ਰੁਚੀਆਂ ਅਤੇ ਭਾਵਨਾਵਾਂ ਖਾਹਿਸ਼ਾਂ ਦਾ ਇਕ ਗਠਜੋੜ ਹੈ ਜੋ ਹਰ ਮਨੁੱਖ ਨੂੰ ਜਨਮ ਤੋਂ ਹੀ ਵਿਰਸੇ ਵਿਚ ਮਿਲਦੀਆਂ ਹਨ। ਚੰਗੀਆਂ ਭਾਵਨਾਵਾਂ ਹਨ ਪਿਆਰ, ਦਇਆ, ਤਰਸ, ਹਮਦਰਦੀ, ਨਿਮਰਤਾ, ਸਤੁ ਸੰਤੋਖੁ ਆਦਿ। ਮੰਦੀਆਂ ਰੁਚੀਆਂ ਵਿਚ ਨਫ਼ਰਤ-ਈਰਖਾ, ਕਠੋਰਤਾ, ਲੋਭ ਹੰਕਾਰ, ਕਰੋਧੁ ਆਦਿ ਸ਼ਾਮਲ ਹਨ।

ਇਹ ਆਤਮਾ ਪ੍ਰਮਾਤਮਾ ਦੀ ਹੀ ਜੋਤਿ ਹੈ, ਕਿਰਨ ਹੈ ਜਿਸ ਵਿਚ ਪ੍ਰਮਾਤਮਾ ਦੇ ਗੁਣ ਸਮੋਏ ਹੋਏ ਹਨ। ਵਾਹਿਗੁਰੂ ਦੀ ਰਜ਼ਾ ਇਸ ਵਿਚ ਹੈ ਕਿ ਅਸੀਂ ਸਚਿਆਰੇ ਬਣਨ ਲਈ ਆਤਮਾ ਦੀ ਆਵਾਜ਼ ਅਨੁਸਾਰ ਕਰਮ ਕਰੀਏ ਤਾਂ ਕਿ ਅਸੀਂ ਵਾਹਿਗੁਰੂ ਦੀ ਮਿਹਰ ਦੇ ਪਾਤਰ ਬਣ ਕੇ ਜੀਵਨ ਵਿਚ ਹੀ ਹਰਿ ਜੀ ਜੈਸਾ ਬਣ ਸਕੀਏ, ਆਤਮਾ ਪ੍ਰਮਾਤਮਾ ਇਕੋ ਕਰ ਸਕੀਏ ਅਤੇ ਜੀਵਨ ਮੁਕਤ ਹੋ ਸਕੀਏ ਜੋ ਕਿ ਜੀਵਨ ਮਨੋਰਥ ਹੈ।

ਹੁਕਮ ਰਜਾਈ ਚਲਣ ਨਾਲ ਸੁਖ ਮਿਲਦਾ ਹੈ, ਉਤਮ ਬਣੀਦਾ ਹੈ। ਵਾਹਿਗੁਰੂ ਦੀ ਬਖ਼ਸ਼ਿਸ਼ ਹੋ ਜਾਂਦੀ ਹੈ, ਸਚਿਆਰੇ ਬਣੀਦਾ ਹੈ, ਰਜ਼ਾ ਦੇ ਵਿਰੁੱਧ ਹੁਕਮ ਤੇ ਚਲਦਿਆਂ ਦੁਖ ਮਿਲਦਾ ਹੈ, ਨੀਚ ਬਣੀਦਾ ਹੈ, ਅਵਾਗਉਣ ਵਿਚ ਭਵਾਂਈਦਾ ਹੈ। ਵਾਹਿਗੁਰੂ ਹੀ ਸਿਰਜਣਹਾਰ, ਪਾਲਣਹਾਰ, ਵਿਨਾਸ਼ ਕਰਨਹਾਰ ਹੈ। ਸਰਬ ਸ਼ਕਤੀਮਾਨ ਹੈ। ਕਰਤਾ ਪੁਰਖ ਸਰਵ ਵਿਆਪਕ ਹੈ। ਅਜੂਨੀ ਹੈ, ਦਾਤਾ ਹੈ ਸਭਨਾ ਜੀਆਂ ਕਾ। ਅਗ਼ਮ ਅਗੋਚਰ ਹੈ, ਨਿਰਭਉ ਹੈ, ਨਿਰਵੈਰ ਹੈ।

ਸਿੱਖ ਉਹ ਹੈ ਜੋ ਵਾਹਿਗੁਰੂ ਦੇ ਗੁਣਾਂ ਨਾਲ ਪ੍ਰੇਮ ਕਰਦਾ ਹੈ ਤੇ ਉਨ੍ਹਾਂ ਨੂੰ ਗ੍ਰਹਿਣ ਕਰ ਲੈਂਦਾ ਹੈ। ਜੋ ਸੱਚ ਤੋਂ ਭੀ ਉਪਰ ਉਠ ਕੇ ਸਚ ਅਚਾਰ (ਚਾਲ ਚਲਣ ਨੂੰ ਅਪਣਾ ਕੇ ਵਾਹਿਗੁਰੂ ਦੀ ਰਜ਼ਾ ਵਾਲੇ; ਨੇਕੀ, ਪਿਆਰ, ਸਤੁ ਸੰਤੋਖੁ, ਦਇਆ ਸੇਵਾ, ਸੁਚੀ ਕਿਰਤ ਕਰਨ ਦੇ ਹੁਕਮ ਅਨੁਸਾਰ ਚਲਦਾ ਹੈ।

ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥

(ਪੰਨਾ ੧੫ ਦਾ ਬਾਕੀ ...)

ਜਾਵੇ ਤਾਂ ਉਹ ਗੁਰੂ ਜੀ ਦਾ ਸਾਥ ਦੇਣ ਨੂੰ ਤਿਆਰ ਹਨ, ਠੁਕਰਾ ਦਿਤੀ ਸੀ। ਫੇਰ ਤੈਨੂੰ ਇਹ ਵੀ ਯਾਦ ਹੋਵੇਗਾ ਕਿ ਇਸ ਦੀ ਉਹਨਾਂ ਨੂੰ ਕੀਮਤ ਕੀ ਦੇਣੀ ਪਈ, ਪਰੰਤੂ ਚੇਹਰੇ ਉਤੇ ਪਸ਼ੇਮਾਨੀ ਜਾ ਮਲਾਲ ਦਾ ਨਾਂ ਨਿਸਾਨ ਤਕ ਨਾ ਆਇਆ। ਉਹ ਸਦਾ ਲਈ ਸ੍ਰੀ ਅਨੰਦਪੁਰ ਸਾਹਿਬ ਤਿਆਗ ਕੇ, ਜ਼ਿਗਰ ਦੇ ਟੋਟਿਆਂ ਨੂੰ ਧਰਮ ਤੋਂ ਕੁਰਬਾਨ ਕਰਕੇ ਤੇ ਦਿਲ ਦੇ ਕੇ ਮਹਿੰਗੇ ਮੁਲ ਵਿਹਾਝੇ ਪਿਆਰੇ ਸਿਖਾਂ ਨੂੰ ਵਾਰ ਕੇ ਵੀ ਔਰੰਗਜ਼ੇਬ ਨੂੰ ਬਜਾ ਤੌਰ ਉਤੇ 'ਜ਼ਫਰਨਾਮਾ' (ਫਤਿਹ ਦੀ ਚਿਠੀ) ਹੀ ਲਿਖਦੇ ਹਨ। ਤੂੰ ਉਸ ਚੜ੍ਹਦੀਆਂ ਕਲਾਂ ਵਾਲੇ ਮਰਦ ਅਗੰਮੜੇ ਦਾ ਸਿਖ ਹੈ ਜੋ ਮਾਛੀਵਾੜੇ ਦੇ ਜੰਗਲਾਂ ਵਿਚ ਢੀਮ ਦਾ ਸਿਰਹਾਣਾ ਲਈ, ਪਿਆ ਵੀ 'ਯਾਰੜੇ ਦਾ ਸਾਨੂੰ ਸਥਰ ਚੰਗਾ, ਭੱਠ ਖੇੜਿਆਂ ਦਾ ਰਹਿਣਾ' ਦਾ ਨਾਦ ਗੁੰਜਾਉਂਦਾ ਹੈ, -ਦੇ ਰਾਹ ਵਿਚ ਚੁਕੇ ਕਿਸੇ ਕਦਮ ਵਿਚ ਕਿਸੇ ਹਾਲਤ ਵਿਚ ਵੀ ਥਿੜਕਣ ਨਹੀਂ ਆਉਣ ਦਿੰਦਾ।

ਐ ਪੂਜਯ ਖਾਲਸਾ, ਜਾਗ ਤੇ ਆਪਣੇ ਮੂਲ, ਅਸਲੇ ਨੂੰ ਪਹਿਚਾਣ। 'ਧਾਤ ਦਾ ਰਾਹ ਛਡ ਤੇ 'ਲਿਵ ਦਾ ਰਾਹ ਫੜ। ਫਰਸ਼ਾਂ ਤੋਂ ਨਿਗਾਹ ਚੁਕ ਕੇ ਅਰਸ਼ਾਂ ਵਲ ਝਾਤ ਮਾਰ, "ਪਿਉਦਾਦੇ ਦਾ ਖ਼ਜ਼ਾਨਾ" ਖੋਲ੍ਹ ਕੇ ਵੇਖ, ਤੈਨੂੰ ਵਿਰਸੇ ਵਿਚ ਕੀ ਕੀ ਦਾਤ ਪ੍ਰਾਪਤ ਹੈ।

ਜੇ ਹੋ ਸਕੇ ਤਾਂ ਆਪਣੇ ਆਪ ਨੂੰ ਟੁੰਬਣ ਲਈ ਕਦੀ ਕਦੀ ਇਕ ਨਾਮੀ ਸ਼ਾਇਰ ਦਾ ਸ਼ੇਅਰ ਵੀ ਗੁਣ ਗੁਣਾ ਲਿਆ ਕਰ -

"ਤੂੰ ਸਾਹੀ ਹੈ ਪਰਵਾਜ਼ ਹੈ ਕਾਮ ਤੇਰਾ, ਤੇਰੇ ਸਾਹਮਨੇ ਆਸਮਾਨ ਔਰ ਭੀ ਹੈਂ॥"

## ਸੂਰਾ ਸਹਾਇਤਾ ਫੰਡ ਵਿਚ ਪੁੱਜੀ ਸਹਾਇਤਾ

| | | | |
|---|---|---|---|
| ਗੁਪਤ- | 150/- | ਪ੍ਰੋ. ਹਰਬੰਸ ਸਿੰਘ ਜੀ ਦੇ | |
| ਗੁਪਤ- | 50/- | ਭੋਗ ਸਮੇਂ ਪਰਿਵਾਰ ਵੱਲੋਂ- | 1000- |
| ਗੁਪਤ- | 50/- | ਬਲਰਾਜ ਸਿੰਘ- | 25/- |



www.AKJ.Org

# ਸਲੋਕ ਭਗਤ ਕਬੀਰ ਜੀਉ ਕੇ

(Translated By Jaspinder Singh)

ਕਬੀਰ ਗਹਗਚਿ ਪਰਿਓ ਕੁਟੰਬ ਕੈ ਕਾਂਠੈ ਰਹਿ ਗਇਓ ਰਾਮੁ॥ ਆਇ ਪਰੇ ਧਰਮ ਰਾਇ ਕੇ ਬੀਚਹਿ ਧੂਮਾ ਧਾਮ॥੧੪੨॥
Slok No. 142 : O' kabir! Deeply involved in family love, I forsake God. Thus wasting precious life in midst of worldly attachments, the call of death has come!-142

ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ॥ ਉਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈਹੈ ਨਾਉ॥੧੪੩॥
Slok No. 143 : Better than an athiest O' Kabir!, is the Swine, that keeps the village clean. The athiest dies and no one misses him. Such is the self-centred life!-143

ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ ਲਾਖ ਕਰੋਰਿ॥ ਚਲਤੀ ਬਾਰ ਨ ਕਛੁ ਮਿਲਿਓ ਲਈ ਲੰਗੋਟੀ ਤੋਰਿ॥੧੪੪॥
Slok No. 144 : O' Kabir! A miserly mortal goes on saving by bit to accumulate iarge wealth. Hwever nothing accompanies him after and even his money tied around the waist is taken away.-144

ਕਬੀਰ ਬੈਸਨੋ ਹੂਆ ਤ ਕਿਆ ਭਇਆ ਮਾਲਾ ਮੇਲੀਂ ਚਾਰਿ॥ ਬਾਹਰਿ ਕੰਚਨੁ ਬਾਰਹਾ ਭੀਤਰਿ ਭਰੀ ਭੰਗਾਰ॥੧੪੫॥
Slok No. 145 : O' Kabir! So what if one assumes a pious grab and wears many rosaries! Without true love for the Divine he is like pure gold outside, but filled with shellac inside of little worth.-145

ਕਬੀਰ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ॥ ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ॥੧੪੬॥
Slok No. 146 : O' Kabir! Compelely rid of all self-pride, become like a road-side that takes the kicks of all pedestrains without a grumble. If a devotee were to acquire such a level of humility, then he may meet the Lord.-146

ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ॥ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ॥੧੪੭॥
Slok No. 147 : O' Kabire! What if one becomes like a pebble, still retaining a separate identvity ! Such a one is still troublesome to the way-farers. A devotee of Divine ought to be like dust on the earth. 147

ਕਬੀਰ ਖੇਹ ਹੂਈ ਤਉ ਕਿਆ ਭਇਆ, ਜਉ ਉਡਿ ਲਾਗੈ ਅੰਗ॥ ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ॥੧੪੮॥
Slok No. 148 : O' Kabir! What if one becomes like lowly dust! He is still troublesome and dirties bodies of the way-farers. A devotee of the Divine ought to be like the most adaptable and useful water.-148

ਕਬੀਰ ਪਾਨੀ ਹੂਆ ਤ ਕਿਆ ਭਇਆ ਸੀਰਾ ਤਾਤਾ ਹੋਇ॥ ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥੧੪੯॥
Slok No. 149 : O' Kabir! What if one was to be like water that gets ice-cold or boiling hot! The devotee of Divine ought to be virtuous like the Lord Himself.-149

ਊਚ ਭਵਨ ਕਨਕਾਮਨੀ ਸਿਖਰਿ ਧਜਾ ਫਹਰਾਇ॥ ਤਾ ਤੇ ਭਲੀ ਮਧੂਕਰੀ ਸੰਤਸੰਗਿ ਗੁਨ ਗਾਇ॥੧੫੦॥
Slok No. 150 : O' Kabir! Better is begging Praises-Divine in the holy company than the high place, plentiful wealth, and beautiful wife and the royal marking of fluttering flags.-150

ਕਬੀਰ ਪਾਟਨ ਤੇ ਊਜਰੁ ਭਲਾ ਰਾਮ ਭਗਤ ਜਿਹ ਠਾਇ॥ ਰਾਮ ਸਨੇਹੀ ਬਾਹਰਾ ਜਮ ਪੁਰੁ ਮੇਰੇ ਭਾਂਇ॥੧੫੧॥
Slok N. 151 : O' Kabir! Better than a beautiful city is the wilderness where there be Divine-meditation. For me a place devoid of a saint beloved of God, is like hell.- 151

ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ॥ ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ॥੧੫੨॥
Slok No. 152 : O' Kabir! In a state of equipiose and deep love-Divine, I retain in ecstatic mood of bliss. This is symbolized by the deep water and the conflux of two rivers that also appears calm. The holy ones also seek such high spiritual state.-152

(To be Continued)



www.AKJ.Org

ਲੜੀ ਜੋੜਨ ਲਈ ਸੂਰਾ ਅਗਸਤ 2000 ਦੇਖੋ

### ੨੭-ਨਾਮ ਅਭਿਆਸ ਦੀ ਗੁਰਮਤਿ ਜੁਗਤੀ

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥
ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ॥੧॥
ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ॥੧॥ ਰਹਾਉ॥
ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ॥
ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ॥੨॥
ਮਨੁ ਸੰਪਟੁ ਜਿਤੁ ਸਤਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ॥
ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ ਬਿਧਿ ਸਾਹਿਬੁ ਰਵਤੁ ਰਹੈ॥੩॥
ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ॥
ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ॥੪॥੧॥

(ਸੂਹੀ ਮ: ੧, ਪੰਨਾ ੭੨੮)

ਵਿਆਖਿਆ :ਇਸ ਗੁਰ ਵਾਕ ਦੀ ਅਸਥਾਈ ਦੀ ਤੁਕ ਦਸਦੀ ਹੈ ਕਿ ਇਕ ਨਾਮ ਜਾਪ ਅਭਿਆਸ ਰੂਪੀ ਕਮਾਈ ਤੋਂ ਬਿਨਾਂ ਹੋਰ ਸਭੇ ਹੀ ਕੰਮ (ਕਰਮ) ਨਿਸਫਲ ਹਨ। ਤਾਂਤੇ ਨਾਮ ਅਭਿਆਸ ਕਮਾਈ ਰੂਪੀ ਕਰਮ, ਸਿਰ ਕਰਮਨ ਕੇ ਕਰਮੁ ਹੈ। ਨਾਮ ਅਭਿਆਸ ਕਮਾਈ ਰੂਪੀ ਕਰਮ ਕਰਨ ਤੋਂ ਪਹਿਲਾਂ ਅੱਤ ਜ਼ਰੂਰੀ ਹੈ ਕਿ ਸੌਚ ਇਸ਼ਨਾਨ ਕਰਕੇ ਕਮਾਈ ਵਿਚਿ ਜੁਟੇ, ਸਰੀਰਕ ਸਫ਼ਾਈ ਪਹਿਲਾਂ ਕਰਨੀ ਪਰਮ ਲਾਜ਼ਮੀ ਹੈ। ਮੈਦਾਨ (ਜੰਗਲ ਪਾਣੀ) ਜਾ ਕੇ ਦਾਤਨ ਕਰੇ। ਫੇਰ ਪੂਰਨ ਸ਼ੁੱਧਤਾ ਸਹਿਤ ਇਸ਼ਨਾਨ ਕਰ ਕੇ ਸੁੱਚੇ ਪਵਿਤਰ ਸਾਫ਼ ਬਸਤਰ ਸਜਾ ਕੇ ਅੰਮ੍ਰਿਤ ਵੇਲੇ ਰਾਤਰੀ ਦੇ ਪਿਛਲੇ ਪਹਿਰ ਨਾਮ ਜਪਣ ਹਿਤ ਜੁਟ ਕੇ ਬੈਠਣ ਲਈ ਤਿਆਰ ਹੋਵੇ। ਜਿਸ ਪਰਕਾਰ ਦੁੱਧ ਦੋਹਣ (ਧਾਰ ਕਢਣ) ਤੋਂ ਪਹਿਲਾਂ ਦੁੱਧ ਕੱਢਣ ਵਾਲੇ ਭਾਂਡੇ ਦੀ ਸਫ਼ਾਈ ਅਤੇ ਪਵਿਤਰਤਾ ਦਰਕਾਰ ਹੈ, ਏਸੇ ਪਰਕਾਰ ਨਾਮ ਅਭਿਆਸ ਕਰਮ ਕਮਾਈ ਰੂਪੀ ਦੁੱਧ ਦੋਹਣ ਲਈ ਪਹਿਲਾਂ ਸਰੀਰ ਦੀ ਸਫ਼ਾਈ ਅਤੇ ਪਵਿਤਰਤਾ ਅੱਤ ਲੋੜੀਂਦੀ ਸ਼ੈ ਹੈ। ਇਸ਼ਨਾਨ ਆਦਿਕ ਸਫ਼ਾਈ ਕੀਤਿਆਂ ਨਾ ਸਿਰਫ਼ ਸਰੀਰ ਪਵਿਤਰ ਹੀ ਹੁੰਦਾ ਹੈ, ਬਲਕਿ ਤਨ ਕਰਕੇ ਸਾਵਧਾਨਤਾ ਅਤੇ ਸੁਚੇਤਤਾ ਹੋਇ ਆਉਂਦੀ ਹੈ। ਫੇਰ ਨਾਮ ਅਭਿਆਸ (ਕਰਮ) ਰੂਪੀ ਸੁਆਸਾਂ ਦਾ ਬਿਲੋਵਨਾ । ਬਿਲੋਵਨ ਲਈ ਸੁਰਤਿ ਰੂਪੀ ਜਾਗ (ਸਮਾਇਣ, ਜਾਮਣ) ਸੁਤੇ ਸੁਭਾਵ ਹੀ ਲਗ ਜਾਂਦਾ ਹੈ। ਯਤਨ ਕੇਵਲ ਇਤਨਾਂ ਹੀ ਕਰਨਾਂ ਪੈਂਦਾ ਹੈ ਕਿ ਨਾਮ ਗੁਰਮੰਤਰ ਰੂਪੀ ਸ਼ਬਦ ਦੀ ਆਹਤ ਅਵਾਜ਼ ਨਾਲਿ ਸੁਰਤੀ ਨੂੰ ਲਾਵੇ (ਜੋੜੇ)। ਇਹ ਅਭਿਆਸੀ ਜਨ ਦਾ ਸੁਰਤਿ-ਸ਼ਬਦ-ਮਈ-ਕਰਮ ਹੈ। ਸ਼ਬਦ-ਸੁਰਤੀ ਨਾਮ ਅਭਿਆਸ ਕਰਨ ਲਗਿਆਂ ਹੋਰ ਆਸ਼ਾਵਾਂ ਵਲੋਂ ਨਿਰਾਸਾ ਹੋ ਕੇ, ਹੋਰ ਸੰਕਲਪ-ਵਿਕਲਪੀ ਖ਼ਿਆਲਾਂ ਤੋਂ ਨਿਰਖ਼ਿਆਲਾ ਹੋ ਕੇ ਜੁਟੇ। ਇਕ ਵਾਰ ਪਹਿਲਾਂ ਪ੍ਰਿਥਮੇ ਇਤਨੀ ਹੀ ਦਮ-ਕਰਾਰੀ (ਇਕ ਛਿਨ ਭਰ ਮਨ ਦੀ ਅਸਥਿਤੀ) ਕਰਨ ਦੀ ਲੋੜ ਹੈ। ਫੇਰ ਨਾਮ ਅਭਿਆਸ ਸ਼ਬਦ-ਸੁਰਤਿ ਦੀ ਪਾਰਸ ਕਲਾ ਆਪੇ ਹੀ ਸੁਰਤੀ ਨੂੰ ਲਿਵ-ਮਗਨ ਕਰ ਲਵੇਗੀ। ਇਤ ਬਿਧਿ ਸੁਆਸ ਅਭਿਆਸੀ ਸ਼ਬਦ ਸੁਰਤਾਸੀ ਪਾਰਸ ਕਲਾ ਨਾਲ ਨਾਮ ਰੂਪੀ ਦੁੱਧ ਬਿਲੋਇਆ ਹੋਇਆ (ਰਿੜਕਿਆ ਹੋਇਆ) ਤੱਤ ਜੋਤਿ ਰਹੱਸੀ, ਆਤਮ ਵਿਗੱਸੀ ਮੱਖਣ ਉਪਜਾਉਂਦਾ ਹੈ, ਘਟ ਰੂਪੀ ਮਟਕੀ ਚਾਟੀ ਅੰਦਰਿ ਹੀ ਵਿਗਸਾਉਂਦਾ ਹੈ। ਇਸ ਘਟ ਸਰੀਰ ਰੂਪੀ ਮਟਕੀ ਅੰਦਰਿ ਨਾਮ ਅਭਿਆਸ ਰੂਪੀ ਸੁਰਤੀ ਸੁਆਸੀ ਜਾਗ ਵਾਲਾ ਦੁੱਧ-ਦਧੀ ਅਧਰਿੜਕਾ (ਮਲਾਈ ਵਾਲਾ ਦਹੀਂ) ਬਿਲੋਇਆ ਰਿੜਕਿਆ ਜਾਂਦਾ ਹੈ। ਸਰੀਰ ਰੂਪੀ ਮਟਕੇ ਅੰਦਰਿ ਹੀ ਰਸ-ਜੋਤਿ-ਜਲਵੰਨੀ ਮੱਖਣ ਪਰਜੁਲਤ ਹੋ ਜਾਂਦਾ ਹੈ।



www.AKJ.Org

ਜਿਵੇਂ ਦੁੱਧ-ਰਿੜਕਣੇ ਮਧਾਣੇ ਦੇ ਨੇਤ੍ਰੇ ਦੀਆਂ ਗੁੱਲੀਆਂ (ਈਟੀਆਂ) ਦੋਹਾਂ ਹੱਥਾਂ ਵਿਚ ਫੜ ਕੇ ਮਧਾਣੇ ਨੂੰ ਦੁੱਧ ਰਿੜਕਣ ਲਈ ਹਿਲਾਈਦਾ ਹੈ, ਏਸੇ ਪਰਕਾਰ ਨਾਮ ਅਭਿਆਸ ਦਾ ਬਿਲੋਵਨਾ ਬਿਲੋਵਨ ਲਈ ਮਨ ਦੀਆਂ ਸੁਰਤੀਆਂ ਨੂੰ ਜੋੜ ਕੇ ਅਰਧ ਉਰਧੀ ਸੁਆਸਾਂ ਦਾ ਸੁਰਤਿ-ਸ਼ਬਦ ਨਾਲਿ ਜੋੜਨਾ ਲਾਜ਼ਮੀ ਹੈ। ਜਿਵੇਂ ਨੇਤ੍ਰੇ ਦੀ ਗੁੱਲੀ ਇਕ ਹੱਥ ਨਾਲਿ ਫੜ ਕੇ ਤਾਂ ਆਪਣੇ ਵਲ ਖਿੱਚੀਦੀ ਹੈ ਅਤੇ ਦੂਜੇ ਹੱਥ ਵਾਲੀ ਗੁੱਲੀ ਢਿੱਲੀ ਛਡ ਕੇ ਪਰੇ ਨੂੰ ਜਾਣ ਦੇਈਦੀ ਹੈ, ਏਵੇਂ ਜਿਵੇਂ ਸ਼ਬਦ ਅਭਿਆਸ ਦਾ ਬਿਲੋਵਨਾ ਬਿਲੋਈਦਾ ਹੈ। ਸੁਆਸ ਸੁਰਤੀ ਨੂੰ ਖਿਚ ਕੇ 'ਵਾਹਿ' ਅਰਥ ਸ਼ਬਦ (ਨਾਮ) ਨੂੰ ਤਾਂ ਉਪਰ ਨੂੰ (ਅੰਦਰਗਤੀ) ਲਿਜਾਈਦਾ ਹੈ ਅਤੇ ਜੋਤਿ-ਚਮਕ-ਪਾਰਸੀ 'ਗੁਰੂ' ਨੂੰ ਰਸਨਾ ਤੇ ਰਸਾ ਕੇ, ਰੜਕਾ ਕੇ ਬਾਹਰਵਾਰ ਨੂੰ ਕਢੀਦਾ ਹੈ। ਇਸ ਬਿਧਿ ਸ਼ਬਦ ਬਿਲੋਵਨੀ ਨੇਤ੍ਰੇ ਰੂਪੀ ਖੰਡਾ ਪੂਰਨ ਸੁਰਤਿ ਅਭਿਆਸ ਨਾਲਿ ਇਕ-ਰਸ ਅਰਧ ਉਰਧੀ ਸੁਆਸਾਂ ਸੇਤੀ ਖੜਕਾਉਂਦੇ ਹੋਏ ਪੱਕੀ ਸਾਵਧਾਨਤਾ ਅਤੇ ਸੁਜਾਗਤਾ ਰਹਿੰਦੀ ਹੈ, ਕਦੇ ਆਲਸ ਨਹੀਂ ਆਉਂਦੀ। ਜਿਉਂ ਜਿਉਂ ਬਿਲੋਵਨਾ ਬਿਲੋਂਦਿਆਂ ਰਸ ਤੱਤ-ਜੋਤਿ ਰਹੱਸ ਉਗਵਣਾ ਅਰੰਭ ਹੁੰਦਾ ਹੈ ਤਿਉਂ ਤਿਉਂ ਸੁਆਸ ਅਭਿਆਸੀ ਖੰਡਾ ਪੂਰੀ ਜ਼ੋਰ ਭਰੀ ਸਾਵਧਨਤਾ ਨਾਲਿ ਵਧੇਰੇ ਤੋਂ ਵਧੇਰੇ ਖੜਕਦਿਆਂ ਖੜਕਦਿਆਂ ਫੇਰ ਆਤਮ-ਰਸ ਦੇ ਬਿਸਮਾਦ ਸੁਆਦ ਦੇ ਅਧੀਨ ਆਪੋਂ ਹੀ ਸਾਵਧਾਨਤਾ ਸੁਚੇਤਨੀ ਚੇਤੰਨਤਾ ਆਇ ਸੰਪੂਰਤ ਹੁੰਦੀ ਹੈ, ਜੋ ਕਦੇ ਆਲਸ ਨਿੰਦ੍ਰਾ ਆਉਣ ਹੀ ਨਹੀਂ ਦਿੰਦੀ। ਪਹਿਲਾਂ ਪਹਿਲਾਂ ਯਤਨ ਜ਼ਰੂਰ ਕਰਨਾ ਪੈਂਦਾ ਹੈ ਅਤੇ ਯਤਨ ਨਾਲਿ ਜਾਗ੍ਰਤ ਰਖਣ ਦਾ ਸੁਰਤ ਉਪਰਾਲਾ ਕਰਨਾ ਪੈਂਦਾ ਹੈ। ਇਕੁਰ ਬਿਲੋਵਨਾ ਬਿਲੋਵਨ ਦੇ ਸਿਲਸਿਲੇ ਵਿਚਿ ਸਪਸ਼ਟ ਤੌਰ ਤੇ ਰਸਨਾ ਸੁਆਸਾਂ ਦੀ ਸੇੜ੍ਹ ਅੰਦਰਿ ਨਾਮ-ਜਾਪ ਦਾ ਹੁੰਦੇ ਰਹਿਣਾ ਪਰਮ ਜ਼ਰੂਰੀ ਹੈ।

ਐਸਾ ਨਾ ਹੋਵੇ ਕਿ ਨਿਰੀ ਸੁਆਸਾਂ ਦੀ ਹੀ ਆਹਤ ਆਵਾਜ਼ ਰਹਿ ਜਾਵੇ। ਇਹ ਆਹਤੀ ਸੁਆਸ ਅਭਿਆਸ ਨਾਮ ਉਚਾਰ ਦੇ ਰਸਿ-ਰੰਗਾਂ ਨਾਲਿ ਮਿਸ਼ਰਤ ਹੋਇਆ, ਰਸਨਾ ਤੋਂ ਨਿਕਸਦਾ ਰਹਿਣਾ ਅਤੀਅੰਤ ਲੋੜੀਂਦਾ ਹੈ। ਨਹੀਂ ਤਾਂ ਫੋਕੀ ਸ੍ਵਾਸ-ਧੌਂਕਣੀ ਦੀ ਹੌਂਕਣੀ ਨਾਲਿ ਅੰਮ੍ਰਿਤ ਤੱਤ-ਰਸ ਅਮਿਉ-ਮੱਖਣ ਨਹੀਂ ਨਿਕਲਣਾ, ਨਾ ਹੀ ਅਭਿਆਸ ਅਭਿਆਸਣੀਆਂ ਦੁੱਧ ਬਣਿਆ ਦੁੱਧ ਮਥਿਆ ਜਾਣਾ ਹੈ। ਇਸ ਬਿਧਿ ਦੁੱਧ ਦਾ ਮਥਣਾ ਰਿੜਕਣਾ ਅਕਾਰਥ ਹੀ ਜਾਵੇਗਾ। "ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ" ਆਸ ਕਰਿ ਰਸਨਾ ਦੇ ਨਾਲਿ ਰਸ ਰੜਕ ਨਾਲਿ ਸਪਰਸ਼ ਕੇ ਪਾਰਸ ਸ਼ਬਦ 'ਗੁਰੂ' ਦੀ ਧੁਨੀ ਦਾ ਧੁੰਨਤ ਹੋਣਾ ਅਤਿਅੰਤ ਹੀ ਲਾਜ਼ਮੀ ਸ਼ੈ ਹੈ। ਏਸੇ ਪਰਕਾਰ ਉਪਰ ਨੂੰ ਸੁਆਸ ਖਿਚਦਿਆਂ 'ਵਾਹ' ਸ਼ਬਦ ਦੀ ਸਪਰਸ਼ਤਾ ਦੀ ਨਿਰਾਲਮੀ ਛੋਹ ਹਲਕ ਤਾਲੂ ਅਤੇ ਉਪਰਲੇ ਦਸਮ ਦੁਆਰੀ ਪੁਲਾੜ ਅੰਦਰਿ ਨਿਗਲੀ ਜਾਣੀ ਚਾਹੀਦੀ ਹੈ। ਨਹੀਂ ਤਾਂ ਬਿਸਮਾਦਤਾ ਜ਼ਾਇਆ ਹੋ ਜਾਵੇਗੀ। ਇਹ ਬਿਸਮਾਦਤਾ ਪਾਰਸ-ਸ਼ਬਦ, ਧੁਰੋਂ ਆਏ ਪਰ ਬਿਸਮਾਦੀ ਪਾਰਸ ਸ਼ਬਦ ਦੀ ਛੋਹ ਨਾਲਿ, ਪਾਰਸ-ਪ੍ਰਭਾਵੀ ਛੋਹ ਨਾਲਿ ਹੀ ਹੈ। ਸੁੱਕੇ ਹੋਠਾਂ ਉਤਾਹਾਂ ਲਏ ਸਾਹਾਂ ਦੇ ਚੜ੍ਹਾਉ ਉਤਰਾਉ ਵਿਚਿ ਇਹ ਪਾਰਸ-ਕਲਾ ਨਹੀਂ ਧਰੀ ਪਈ। ਇਹ ਪਾਰਸ ਕਲਾ ਵਾਲਾ ਅੰਮ੍ਰਿਤ-ਨਾਮ ਧੁਰ ਅਮਰ ਅਟਾਰਿਆਂ ਤੋਂ ਹੀ ਉਤਰਿਆ ਹੈ, ਕਿਸੇ ਦਾ ਬਣਾਇਆ ਨਹੀਂ ਬਣਿਆ। ਗੁਰੂ ਸਾਹਿਬ, ਅਸਾਡੇ ਧੁਰਿ ਅਮਰ ਦਰਗਾਹੀ ਬਸੀਠ ਨੇ ਅਸਾਡੇ ਤੇ ਇਹ ਪਰਮ ਅਮਰ ਪ੍ਰਸਾਦੀ ਕਿਰਪਾ ਕੀਤੀ ਕਿ ਇਹ ਅੰਮ੍ਰਿਤ-ਨਾਮ ਸਤਿਗੁਰੂ ਨੇ ਆਪਣੀ ਅੰਮ੍ਰਿਤ-ਕਲਾ ਦੁਆਰੇ ਅਧਿਕਾਰੀ ਜਨਾਂ ਦੇ ਅੰਤਰਿ-ਆਤਮੇ ਪਰਵੇਸ਼ ਕਰਨ ਦਾ ਧੁਰਵਾ ਬੰਨ੍ਹਿਆ। ਨਹੀਂ ਤਾਂ ਅਲੱਪਗ ਜੀਵਾਂ ਨੂੰ ਆਪਣੀ ਚਤੁਰਾਈ ਭਰੀ ਕਲਾਕਾਰੀ ਦੁਆਰਾ ਇਸ ਪਾਰਸ-ਭੂਤੀ ਅੰਮ੍ਰਿਤ-ਨਾਮ ਨੂੰ ਵਰਤਣ ਦਾ ਕੀ ਚੱਜ ਹੋ ਸਕਦਾ ਹੈ । ਆਪੋਂ ਬਣੇ ਆਪ-ਹੁਦਰੇ ਬਨਾਵਟੀ ਸੰਤਾਂ ਦੀ ਜੁਗਤੀ ਸਭ ਬਨਾਵਟੀ ਕੁਚੱਜੰਤਾ ਵਾਲੀ ਹੀ ਹੁੰਦੀ ਹੈ।

ਸੱਚਾ ਸੁਚੱਜ ਸਤਿਗੁਰੂ ਦਸਮੇਸ਼ ਪਾਤਸ਼ਾਹ ਨੇ ਆਪਣੀ ਅਮਰ ਕਲਾ ਵਾਲੀ ਗੁਰ ਦਰਗਾਹੋਂ ਪੰਜ ਜਨਾਂ ਦੇ ਪੰਚਾਇਣੀ ਸੀਨਿਆਂ ਅੰਦਰਿ ਅਮਰ ਜੁਗਤੀ ਨਾਲਿ ਜੁਗਤਾ ਕੇ ਪਰਚੂਰ ਕੀਤਾ, ਤਾਕਿ ਪਾਰਸ ਰੂਪੀ ਅੰਮ੍ਰਿਤ-ਨਾਮ ਦੀ ਪਾਰਸ ਕਲਾ ਦੀ ਛੋਹ ਅਛੋਹ ਨਾ ਹੋ ਜਾਵੇ। ਮੁਖ ਰਸਨਾ ਸੇਤੀ ਅੰਮ੍ਰਿਤ-ਕਲਾਵੀ ਪਾਰਸ ਦਾ ਪਰਸਿਆ ਜਾਣਾ ਗੁਰਮਤਿ ਦੀ ਸਾਜ਼ ਸੁਰਾਜ਼ੀ ਗੋਝ ਜੁਗਤੀ ਹੈ, ਜੋ ਗੁਰਮੁਖਾਂ ਪੰਜਾਂ ਜਨਾਂ ਦੇ ਰਾਜ਼-ਮਰੰਮੀ ਸੀਨਿਆਂ


www.AKJ.Org

ਅੰਦਰਿ ਪ੍ਰਸ਼ਤ ਬਪ੍ਰਸ਼ਤੀ ਪਰਚਲਤ ਹੋਈ ਚਲੀ ਆਉਂਦੀ ਹੈ, ਜੋ ਸ੍ਰੀ ਗੁਰੂ ਨਾਨਕ ਦਸਮੇਸ਼ ਦੇ ਸਮੇਂ ਤੋਂ ਲਾ ਕੇ ਲਗਾਤਾਰ ਚਲੀ ਆਉਂਦੀ ਹੈ। ਮਨਮੁਖਾਂ ਨੂੰ ਇਸ ਗੱਲ ਦਾ ਭੇਦ ਨਹੀਂ ਖੁਲ੍ਹਦਾ। ਨਾ ਹੀ ਖੁੱਲਣਾ ਚਾਹੀਦਾ ਹੈ। ਗੁਰਮਤਿ ਦਰਸਾਇਆ ਇਹ ਸਰਬੋਤਮ ਕਰਮ ਨਾਮ ਅਭਿਆਸ ਦੀ ਜੁਗਤੀ ਦਾ ਪੰਚ ਪਰਵਾਨ ਪੰਚ ਪਰਧਾਨ ਗੁਰਮੁਖ ਪਿਆਰਿਆਂ ਨੂੰ ਹੀ ਸਸ਼ੋਭਤ ਹੈ। ਹੋਰਥੈਂ ਸੋਭਾ ਨਹੀਂ ਪਾਉਂਦਾ। ਨਾ ਹੀ ਹੋਰਥੈਂ ਇਸ ਅੰਮ੍ਰਿਤ-ਕਰਮ ਦਾ ਮਰਮ ਕਿਤੇ ਪਾਇਆ ਜਾਂਦਾ ਹੈ। ਬਸ, ਕੇਵਲ ਗੁਰੂ ਘਰ ਵਿਖੇ ਹੀ ਮਹਿਫ਼ੂਜ਼ ਹੈ। ਇਹ ਤਾ ਉਪਰਲੇ ਗੁਰਵਾਕ ਦੇ ਪਹਿਲੇ ਦੋ ਅੰਕਾਂ ਦਾ ਅਨੁਵਾਦ ਹੈ।

ਦੂਜੇ ਦੋ ਅੰਕਾਂ ਵਿਚਿ ਆਨਮਤੀਆਂ ਦੀ ਪਾਖੰਡ ਰੂਪ ਠਾਕੁਰ-ਪੂਜਾ ਦਾ ਖੰਡਨ ਕਰ ਕੇ, ਸੱਚੇ ਗੁਰਮਤਿ ਕਰਮ ਨੂੰ ਇਸ ਦੇ ਮੁਕਾਬਲੇ ਤੇ ਪ੍ਰਸਿੱਧ ਕਰਕੇ ਪ੍ਰਧਾਨ ਜਣਾਇਆ ਹੈ। ਆਨਮਤੀ ਕਰਮਾਚਾਰੀ ਪਾਹਨ( ਪੱਥਰਾ) ਦੇ ਠਾਕੁਰ ਬਣਾ ਕੇ (ਸੰਪਟੀ ਬੰਦ) ਡੱਬੇ ਵਿਚਿ ਰਖਦੇ ਹਨ, ਨਦੀ ਵਿਚ ਨਾਵਾਲਦੇ ਹਨ, ਪੱਤਿਆਂ (ਪਤਰਾਂ) ਤੇ ਫੁੱਲਾਂ ਦੇ ਚੜ੍ਹਾਵੇ ਚੜ੍ਹਾ ਕੇ ਆਪਣੇ ਮਨ-ਮੰਨੇ ਅਤੇ ਖ਼ੁਦ-ਘੜੇ ਹੋਏ ਠਾਕਰਾਂ ਨੂੰ ਪਰਸੰਨ ਕਰਦੇ ਹਨ। ਇਸ ਪ੍ਰਕਾਰ ਦੀ ਪੂਜਾ ਵਾਲੇ ਆਨਮਤੀ ਕਿਰਿਆ-ਕਰਮ ਦੇ ਮੁਕਾਬਲੇ ਵਿਚਿ ਰੱਬ ਦੇ ਰੀਝਾਉਣ ਵਾਲੀ ਅਸਲੀ ਗੁਰਮਤਿ ਅਗਲੇ ਦੋਹਾਂ ਅੰਕਾਂ ਵਿਚਿ ਇਸ ਪਰਕਾਰ ਦਰਸਾਉਂਦੇ ਹਨ ਅਸਾਡੇ ਗੁਰੂ, ਗੁਰੂ ਨਾਨਕ ਸਾਹਿਬ ਜੀ ਕਿ ਹਿਰਦੇ ਅੰਦਰਿ ਹਰੀ ਨੂੰ ਨਾਮ ਅਭਿਆਸ ਦੁਆਰਾ ਵਸਾ ਕੇ ਗੁਰੂ ਘਰ ਦੇ ਸਤਿਸੰਗ ਦਰਬਾਰ ਵਿਚਿ ਨਿਤਾਪ੍ਰਤਿ ਹਾਜ਼ਰੀ ਭਰ, ਜਿਸ ਕਰਕੇ ਸਾਰੀਆਂ ਕਦੂਰਤਾਂ (ਭੈੜੀਆਂ ਵਾਦੀਆ) ਦੂਰ ਹੋ ਜਾਂਦੀਆ ਹਨ ਅਤੇ ਇਹ ਮਨੂਆ ਭੀ ਸੁਅੱਛ ਹੋ ਕੇ ਨਿਰਮਲਤਾ ਵਾਲਾ ਹੋ ਜਾਂਦਾ ਹੈ। ਅਤੇ ਪ੍ਰੇਮਮਮ ਦਾ ਚੜ੍ਹਾਵਾ ਚੜ੍ਹਾ ਕੇ ਅਤੇ ਜੀਵਨ ਕੁਰਬਾਨੀ ਦੀ ਅਹੂਤੀ ਦੇ ਕੇਪੂਜਾ ਕਰਨ ਨਾਲਿ ਪ੍ਰਮਾਤਮਾ ਪਰਸੰਨ ਹੁੰਦਾ ਹੈ ਤੇ ਤੁਠ ਕੇ ਆਪਣਾ ਸਦੀਵੀ ਦਰਸ ਮਿਲਾਪ ਬਖਸ਼ਦਾ ਹੈ। ਮਨ-ਹਿਰਦੇ ਨੂੰ ਹਰੀ ਦੇ ਨਿਵਾਸ ਦਾ ਘਟ-ਸੰਪਟੀ ਡੱਬਾ ਬਣਾਵੇ ਅਤੇ ਗੁਰੂ ਘਰ ਦੀ ਸਤਿਸੰਗਤਿ ਦੇ ਸਰੋਵਰ ਵਿਚਿ ਇਸ ਦਾ ਅਮਿਓ-ਮੱਜਨੀ ਇਸ਼ਨਾਨ ਕਰੇ। ਅਤੇ ਸ਼ਰਧਾ ਭਾਵਨੀ ਦੇ ਫੁੱਲ ਪੱਤਰ ਚੜ੍ਹਾ ਕੇ ਪਤੀ ਪਰਮੇਸ਼ਰ ਰੂਪੀ ਦੇਵਤੇ ਦੀ ਸੱਚੀ ਪ੍ਰਸੰਨਤਾ ਲਵੇ। ਆਪਣੇ ਪ੍ਰਾਣ ਤਕ ਭੀ ਅਰਪਨ ਕਰ ਕੇ ਸੇਵਕ ਜਨ ਸੇਵਾ ਰੂਪੀ ਪੂਜਾ ਕਰੇ। ਤਦ ਜਾ ਕੇ ਉਹ ਸੱਚੇ ਪ੍ਰੀਤਮ ਖਸਮ ਦਾ ਸੰਜੋਗ-ਰਸ ਮਾਣ ਸਕਦਾ ਹੈ। ਸ਼ਰਧਾ ਭਾਵਨੀ ਰੂਪ ਪੁਜਾਰੀ ਪਰਮਾਤਮ-ਦੇਵਤਾ ਨੂੰ ਤ੍ਰਿਪਤ ਕਰ ਸਕਦਾ ਹੈ। ਸਾਹਿਬ ਸੱਚੜੇ ਪਤੀ ਨੂੰ ਰਾਵਣ ਦਾ ਇਕੋ ਇਕ ਜ਼ਰੀਆ ਇਹੋ ਹੈ ਕਿ ਪ੍ਰਾਣ ਮਨ ਤਨ ਸਭ ਕੁਛ ਉਸ ਦੀ ਸੇਵਾ ਦੇ ਮਾਰਗ ਵਿਚਿ ਅਰਪ ਦੇਵੇ। ਕਹਿਣ ਵਾਲੇ ਹੋਰ ਹੋਰ ਪੂਜਾਵਾਂ ਵਿਚਿ ਖਚਤ ਹੋ ਕੇ ਆਨ ਦੇਵ ਸੇਵਾ ਦੀ ਮਹਿਵਤਾ ਵਿਚ ਦੁਨੀਆਂ ਤੋਂ ਵਿਦਾ ਹੁੰਦੇ ਚਲੇ ਜਾਂਦੇ ਹਨ। ਪ੍ਰੰਤੂ ਹੇ ਵਾਹਿਗੁਰੂ । ਤੇਰੇ ਸਮਸਰ ਦਾ ਨਾ ਕੋਈ ਹੋਰ ਹੋਇਆ ਹੈ ਨਾ ਹੋਵੇਗਾ। ਭਗਤੀ ਤੋਂ ਹੀਣਿਆਂ ਦੀ ਇਹੀ ਜਾਚਨਾ ਹੋਣੀ ਚਾਹੀਦੀ ਹੈ ਕਿ ਇਕੋ ਵਾਹਿਗੁਰੂ ਦੀ ਸਿਫਤ ਸਾਲਾਹੀ ਸਾਲਾਹੁਣ ਕਰਮ ਕਮਾਉਣ ਨੂੰ ਮਿਲੇ। ਆਣ ਦੇਵ ਸੇਵ ਟੇਵ ਉੱਕੀ ਹੀ ਮਿਟ ਜਾਵੇ। ਸ੍ਰੀ ਗੁਰੂ ਨਾਨਕ ਸਾਹਿਬ ਭਗਤਿ-ਹੀਣਾਂ ਨੂੰ ਸੱਚਾ ਭਗਤੀ ਭਾਵ ਵਾਲਾ ਪਰਧਾਨ ਕਰਮ ਜਣਾਉਂਦੇ ਦ੍ਰਿੜ੍ਹਾਉਂਦੇ ਹਨ, ਜਿਸ ਪ੍ਰਧਾਨ ਗੁਰਮੁਖਿ ਕਰਮ ਦੇ ਬਰੋਬਰ ਹੋਰ ਕੋਈ ਕਰਮ ਨਹੀ, ਨਾ ਕੋਈ ਧਰਮ ਹੀ ਹੈ। (ਚਲਦਾ)


## ਗੁਰਬਾਣੀ ਕੰਠ ਅਤੇ ਕੀਰਤਨ ਮੁਕਾਬਲੇ

*ਪਿਛਲੇ ਸਾਲਾਂ ਵਾਂਗ ਇਸ ਸਾਲ ਵੀ ਭਾ: ਉਜਾਗਰ ਸਿੰਘ ਖਾਲਸਾ ਗੁਰਮਤਿ ਪ੍ਰਚਾਰ ਟ੍ਰਸਟ (ਰਜਿ:) ਫਰਵਾਲ੍ਹੀ ਵੱਲੋਂ ਸਕੂਲਾਂ ਕਾਲਿਜਾਂ ਵਿੱਚ ਪੜ੍ਹਦੇ ਅੰਮ੍ਰਿਤ ਧਾਰੀ ਵਿਦਿਆਰਥੀਆਂ ਲਈ 31 ਅਕਤੂਬਰ ਅਤੇ 1 ਨਵੰਬਰ 2000 ਨੂੰ ਪਿੰਡ ਫਰਵਾਲ੍ਹੀ ਵਿਖੇ ਗੁਰਬਾਣੀ ਕੰਠ, ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਕੀਰਤਨ ਮੁਕਾਬਲੇ ਕਰਵਾਏ ਜਾ ਰਹੇ ਹਨ। ਬਿਨੈ ਪੱਤਰ ਭੇਜਣ ਦੀ ਮਿਤੀ 10-10-2000 ਹੈ। ਸਿਲੇਬਸ ਤੇ ਵਧੇਰੇ ਜਾਣਕਾਰੀ ਲਈ ਨਰਿੰਦਰ ਸਿੰਘ, ਸਕੱਤਰ, ਪਿੰਡ ਤੇ ਡਾ: ਬੜੂੰਦੀ ਪੱਤੀ ਸੇਖੋਂ ਜ਼ਿਲ੍ਹਾਂ ਲੁਧਿਆਣਾ-141205 ਫੋਨ ਨੰ:-0161-808239 ਨਾਲ ਸੰਪਰਕ ਕਰੋ।*





www.AKJ.Org

# ਸਮੂਹ ਪੰਥ ਦਰਦੀਆਂ ਨੂੰ ਅਪੀਲ

ਅਮਰੀਕਾ ਵਸਦੇ ਇਕ ਲੇਖਕ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਜੋ ਆਪਣੀਆਂ ਲਿਖਤਾਂ ਰਾਹੀਂ ਆਪਣੇ ਆਪ ਨੂੰ ਗੁਰਮਤਿ ਅਤੇ ਗੁਰਬਾਣੀ ਦਾ ਸਹੀ ਵਿਆਖਿਆਕਾਰ ਹੋਣ ਦਾ ਦਮ ਭਰਦਾ ਹੈ, ਵੱਲੋਂ ਕਈ ਭਾਗਾਂ ਵਿਚ ਇਕ ਲੰਬੀ ਪੁਸਤਕ ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ ਲਿਖੀ ਗਈ ਹੈ। ਇਸ ਪੁਸਤਕ ਦੇ ਵੱਖ ਵੱਖ ਭਾਗਾਂ ਨੂੰ ਪੜ੍ਹ ਕੇ ਵਿਚਾਰ ਕਰਨ ਉਪ੍ਰੰਤ ਬਹੁਤ ਸਾਰੇ ਸਿਖ ਸ਼ਰਧਾਲੂ ਵਿਦਵਾਨਾਂ ਨੇ ਇਸ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਬਾਰੇ, ਅੰਮ੍ਰਿਤ ਦੀ ਮਰਿਆਦਾ, ਸਿੱਖ ਇਤਿਹਾਸ, ਨਿਤਨੇਮ ਦੀਆਂ ਬਾਣੀਆਂ ਅਤੇ ਹੋਰ ਵੱਖ ਵੱਖ ਗੁਰਮਤਿ ਵਿਸ਼ਿਆਂ ਸਬੰਧੀ, ਸਿੱਖ ਸ਼ਰਧਾਲੂਆਂ ਦੇ ਹਿਰਦਿਆਂ ਨੂੰ ਵਲੂੰਧਰਣ ਵਾਲੇ ਇਤਰਾਜ਼ਯੋਗ ਕਥਨ ਲਿਖੇ ਹਨ। ਸੋ ਸਿਖ ਸਿਧਾਂਤਾਂ ਨੂੰ ਵਿਗਾੜਨ ਵਾਲੇ ਇਹਨਾਂ ਵਿਚਾਰਾਂ ਦੇ ਮੱਦੇ ਨਜ਼ਰ, ਸਮੂਹ ਪੰਥ ਦਰਦੀਆਂ ਨੂੰ ਅਪੀਲ ਹੈ ਕਿ ਉਹ ਨਿੱਜੀ ਤੌਰ ਤੇ ਜਾਂ ਸੰਸਥਾਵਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਨੂੰ ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਨੂੰ ਤਲਬ ਕਰਕੇ ਯੋਗ ਕਾਰਵਾਈ ਕਰਨ ਦੀ ਬੇਨਤੀ ਵਜੋਂ ਪੱਤਰ ਲਿਖਣ ਤਾਂ ਕਿ ਗੁਰਮਤਿ ਫਲਸਫ਼ੇ ਨੂੰ ਵਿਗਾੜਨ ਦੀ ਕੋਸ਼ਿਸ਼ ਵਿਚ ਲੱਗੀਆਂ ਸ਼ਕਤੀਆਂ ਨੂੰ ਠੱਲ ਪਾਈ ਜਾ ਸਕੇ। ਉਸ ਪੁਸਤਕ ਵਿਚੋਂ ਕੁੱਝ ਚੋਣਵੇਂ ਅੰਸ਼ ਹੇਠ ਲਿਖੇ ਅਨੁਸਾਰ ਹਨ।

ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਵੱਲੋਂ ਛਪੀ ਪੁਸਤਕ ਵਿਚੋਂ ਕੁਝ ਚੋਣਵੇਂ ਅੰਸ਼ :

ਕਿਸੇ ਕੱਚੀ ਮਿਠਾਸ ਦੀ ਸਤਿਗੁਰਾਂ ਨੇ ਲੋੜ ਕਿਉਂ ਸਮਝੀ ਸੀ ? ਅਤੇ ਫਿਰ ਜਿਸ ਹਟਵਾਣੀਏ Grocer ਤੋਂ ਮੁੱਲ ਲਿਆ ਕੇ ਪਤਾਸ਼ੇ ਅੰਮ੍ਰਿਤ ਦੇ ਬਾਟੇ ਵਿਚ ਪਾਏ ਜਾਂਦੇ ਹਨ, ਉਸ ਬਾਰੇ ਤਾਂ ਸਤਿਗੁਰਾਂ ਦਾ ਫੁਰਮਾਨ ਇਉਂ *ਬਿਖੁ ਸੰਚੈ ਹਟਵਾਣੀਆ ਬਹਿ ਹਾਟਿ ਕਮਾਇ॥* ਕਿਸੇ ਕਿਰਤੀ ਜੱਟ ਤੋਂ ਗੁੜ ਸ਼ੱਕਰ ਤਾਂ ਬੇਸ਼ਕ ਲੈ ਲੈਂਦੇ ਪਰ ਮਾਇਆਂ ਜ਼ਹਿਰ ਦੀ ਉਗਰਾਹੀ ਕਰਨ ਵਾਲੇ ਝੂਠੇ ਹਟਵਾਣੀਏ ਕੋਲੋਂ ਪਤਾਸ਼ੇ ਦਸਮ ਗੁਰੂ ਨਾਨਕ ਸ੍ਰੀ ਦਸਮੇਸ਼ ਜੀ ਨੇ ਕਿਸੇ ਹਾਲਤ ਵਿਚ ਨਹੀਂ ਲਏ ਹੋਣੇ। ਸੁਹਿਰਦ ਅਤੇ ਸੂਝਵਾਨ ਖੋਜੀ ਸੱਜਣ ਇਸ ਪੱਖੋਂ ਹੋਰ ਡੂੰਘੀ ਖੋਜ ਕਰ ਕੇ ਭੁੱਲ ਨੂੰ ਸੁਧਾਰ ਲੈਣ।...... ਪਰ ਸਾਨੂੰ ਵਿਕਾਰੀਆਂ ਨੂੰ ਅਤੇ ਮਾਇਆ ਜ਼ਹਿਰ ਨੂੰ ਮਿੱਠੀ ਮੰਨਣ ਵਾਲਿਆਂ ਨੂੰ ਅਥਵਾ ਜ਼ੁਬਾਨ ਦਾ ਚਸਕਾ ਪੂਰਾ ਕਰਨ ਲਈ ਮਿਠਾਸ ਦਾ ਅਨੁਭਵ ਕਿਵੇਂ ਹੋ ਸਕਦਾ ਹੈ ? ਅਸੀਂ ਹੁਣ ਪਤਾਸ਼ਿਆਂ ਦਾ ਚਸਕਾ ਛੱਡ ਕੇ ਨਾਮ-ਰਸ ਦੀ ਮਿਠਾਸ ਵੱਲ ਕਿਉਂ ਪਰਤੀਏ? (ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ, ਭਾਗ ੫, ਪੰਨਾ ੨੦੬-੨੦੭)

ਅਜਿਹੇ ਸਾਰੇ ਹਾਲਾਤ ਨੂੰ ਮੁੱਖ ਰੱਖ ਕੇ ਫਿਰ ਕੀ ਇਹ ਸਮਝਿਆ ਜਾਵੇ ਕਿ .... ਕਿ ਜਾਂ ਸੱਚ ਇਹ ਹੈ ਕਿ ਸਤਿਗੁਰਾਂ ਨੇ ਅੰਮ੍ਰਿਤ ਤਿਆਰ ਕਰਨ ਸਮੇਂ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਹੀ ਬਾਣੀ ਪੜ੍ਹੀ ਸੀ?... ਦਾਸ ਦੀ ਤੁੱਛ ਬੁੱਧੀ ਅਨੁਸਾਰ, ਕੋਈ ਵੀ ਬਾਣੀ •(ਭਾਵੇਂ ਬਿਨਾਂ ਕਿਸੇ ਸ਼ੱਕ ਜਾਂ ਸ਼ੰਕੇ ਦੇ ਦਸ਼ਮੇਸ਼ ਜੀ ਦੀ ਹੀ ਕ੍ਰਿਤ ਹੈ), ਕਿਸੇ ਹਾਲਤ ਵਿਚ ਵੀ ਗੁਰਬਾਣੀ ਨਹੀਂ ਹੈ। ਗੁਰਬਾਣੀ ਦੇ ਪਾਵਨ ਸ਼ਬਦ ਬਿਨਾਂ ਸ਼ੱਕ ਇਹ ਸਿੱਧ ਕਰਦੇ ਹਨ ਕਿ ਦਸਮੇਸ਼ ਜੀ ਨੇ ਖੰਡੇ ਬਾਟੇ ਦੀ ਪਾਹੁਲ ਤਿਆਰ ਕਰਨ ਸਮੇਂ ਉਸ ਨੂੰ ਕੇਵਲ ਨਾਮ ਅੰਮ੍ਰਿਤ ਦੀ ਹੀ ਪਾਹੁਲ ਦਿੱਤੀ ਹੈ। ਜੇ ਅਸੀਂ ਸਿਵਾਏ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਦੂਜੀ ਕਿਸੇ ਵੀ ਹੋਰ ਬਾਣੀ ਨੂੰ ਗੁਰੂ ਨਹੀਂ ਮੰਨਦੇ ਤਾਂ ਫਿਰ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕਰਨ ਵਾਲੀ ਪੰਥ ਦੀ ਸਰਬ-ਸ੍ਰੇਸ਼ਟ ਮਰਯਾਦਾ ਵਿਚ ਪੰਜਾਂ ਵਿਚੋਂ ਕੇਵਲ ਦੋ ਬਾਣੀਆਂ ਆਪਣੇ ਸਤਿਗੁਰੂ ਜੀ ਦੀਆਂ ਪੜ੍ਹੀਆਂ ਜਾਣ ਵਿਚ ਕੀ ਅਸੀਂ ਆਪਣੇ ਸਤਿਗੁਰਾਂ ਦੀ ਘੋਰ ਨਿਰਾਦਰੀ ਤਾਂ ਨਹੀਂ ਕਰ ਰਹੇ ਹੁੰਦੇ ? ਇਹ ਕਾਰਾ ਵੀ ਕਿਤੇ ਉਸੇ ਚਪਲ-ਬੁੱਧੀ ਬਿਪਰਨ Cunning brahman ਦਾ ਹੀ ਤਾਂ ਨਹੀਂ (ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ, ਭਾਗ ੫, ਪੰਨਾ ੨੧੦-੨੧੨)

ਆਪਣੇ ਜਨਮ ਦਾਤਾ, ਸਦ ਜੀਵੈ ਪਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਅੱਡਰਾ ਆਪਣਾ ਜਨਮ ਦਿਨ ਮਨਾਉਣਾ ਹੰਕਾਰ ਦਾ ਪ੍ਰਗਟਾਵਾ ਹੈ। ਗੁਰੂ ਨਾਨਕ ਦੇਵ ਜੀ ਦਾ ਆਗਮਨ ਦਿਨ ਹੀ ਖ਼ਾਲਸਾ ਜੀ ਦਾ ਜਨਮ ਦਿਹਾੜਾ ਹੈ।.... ਖਾਲਸੇ ਦੇ ਪ੍ਰਗਟ ਹੋਣ ਵਾਲੇ ਦਿਨ ਨੂੰ ਜਨਮ ਦਿਨ ਮੰਨ ਲੈਣਾ ਪੰਥਕ ਹਿੱਤਾਂ ਲਈ ਲਾਹੇਵੰਦ ਸਿੱਧ ਨਹੀਂ ਹੋਇਆ। (ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ, ਭਾਗ ੫, ਪੰਨਾ ੬੯-੭੦)

ਇਹ ਭਰੋਸਾ ਦਿੱਤੇ ਜਾਣ ਲਈ, ਕਿ ਅੰਮ੍ਰਿਤਧਾਰੀ ਦਾ ਜਨਮ ਦਸਮੇਸ਼ ਜੀ ਦੇ ਘਰ ਹੋ ਜਾਂਦਾ ਹੈ ਅਤੇ ਉਸ ਦਾ ਜਨਮ-ਮਰਨ ਦਾ ਚੱਕਰ ਖ਼ਤਮ ਹੋ ਜਾਂਦਾ ਹੈ, ਗੁਰਬਾਣੀ ਦੀ ਇਸ ਪੰਗਤੀ *ਸਤਿਗੁਰੂ ਕੈ ਜਨਮੇ ਗਵਨੁ ਮਿਟਾਇਆ॥* ਦੀ ਗਲਤ ਵਰਤੋਂ ਕੀਤੀ ਜਾਂਦੀ ਹੈ। .... ਆਪਣੀ ਸਮਝ ਅਨੁਸਾਰ ਬਣਾਏ ਮਨਮਤੀ ਆਸ਼ੇ ਨੂੰ ਸੱਚਾ ਸਿੱਧ ਕਰਨ ਲਈ ਗੁਰਬਾਣੀ ਦੀ ਕਿਸੇ ਤੁਕ ਨੂੰ•ਜਾਂ ਸ਼ਬਦ ਨੂੰ ਅਢੁਕਵੇਂ ਥਾਂ ਜੋੜਨ ਲਈ ਗਲਤ ਅਰਥ ਕਰਨੇ ਗੁਰਬਾਣੀ



www.AKJ.Org

ਦੀ ਬੇਅਦਬੀ ਹੈ। ਅਜਿਹਾ ਕਰਨ ਦਾ ਅਧਿਕਾਰ ਸਮੁੱਚੇ ਪੰਥ ਨੂੰ ਵੀ ਕਦੇ ਨਹੀਂ ਮਿਲਿਆ। ...ਲਗਭਗ ਉਹੀ ਭੁੱਲ ਹੈ ਜੋ ਰਾਮਰਾਇ ਜੀ ਨੇ ਕੀਤੀ ਸੀ। (ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ, ਭਾਗ ੫, ਪੰਨਾ ੨੭੧)

ਇਸ ਲਈ ਪਾਠਕਾਂ ਦਾ ਧਿਆਨ ਇਸ ਪਾਸੇ ਵੀ ਦਿਵਾਉਣਾ ਪੈ ਰਿਹਾ ਹੈ, ਕਿ ਰਹਰਾਸਿ ਦੇ ਨਿਤਨੇਮ ਸਮੇਂ ਅਤੇ ਫਿਰ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕਰਨ ਸਮੇਂ ਪੜ੍ਹੀ ਜਾਣ ਵਾਲੀ ਬੇਨਤੀ ਚੌਪਈ ਬਾਣੀ ਵਿਚ *ਆਪ ਹਾਥ ਦੈ ਮੁਝੈ ਉਬਰਿਯੈ॥ ਮਰਨ ਕਾਲ ਕਾ ਤ੍ਰਾਸ ਨਿਵਰਿਯੈ॥* ਪੰਗਤੀ ਤੋਂ ਤਾਂ ਮੌਤ ਦੇ ਸਮੇਂ ਦੇ ਤ੍ਰਾਸ ਤੋਂ ਕਾਂਬਾ ਛਿੜਿਆ ਨਜ਼ਰ ਆ ਰਿਹਾ ਹੈ। (ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ, ਭਾਗ ੫, ਪੰਨਾ ੨੪੭)

ਸੁਹਿਰਦ ਪਾਠਕਾਂ ਕੋਲੋਂ ਦਾਸ ਖਿਮਾਂ ਦਾ ਜਾਚਕ ਹੈ, ਕਿ ਦਾਸ ਦੇ ਮਨ ਨੇ ੧੬੯੯ ਵਾਲੀ ਵਿਸਾਖੀ ਦੇ ਦਿਨ ਪੰਜ ਪਿਆਰਿਆਂ ਕੋਲੋਂ ਅੰਮ੍ਰਿਤ ਛਕਣ ਵਾਲੇ ਸਾਕੇ ਦੇ ਨਾਲ *'ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ'* ਪੰਗਤੀ ਜੁੜ ਜਾਣ ਨੂੰ ਪੰਥ ਲਈ ਲਾਹੇਵੰਦ ਨਹੀਂ ਮੰਨਿਆ.... ਬਿਪ੍ਰ ਦੇ ਦਲਾਲ ਜਿਨ੍ਹਾਂ ਲੋਕਾਂ ਨੇ ਇਸ ਘਾਤਕ ਵਾਰ ਨੂੰ ਵੀ ਗੁਰਮਤਿ ਦੇ ਅਨੁਕੂਲ ਸਿੱਧ ਕਰਨ ਦਾ ਯਤਨ ਕਰਨਾ ਹੈ.... ਲਫ਼ਜ਼ਾਂ ਦੇ ਜੋੜ ਦਾ ਅਜਿਹਾ ਓਹਲਾ ਬਣਾਇਆ ਹੋਇਆ ਹੈ ਕਿ ਅਰਥਾਂ ਵਿਚ ਦਸਮੇਸ਼ ਜੀ ਨੂੰ ਗੁਰੂ ਵੀ ਆਪ ਤੇ ਚੇਲਿਆਂ ਵਿਚ ਵੀ ਉਹ ਆਪ ਹੀ ਹੋਣਾ ਬਣਦਾ ਹੈ। ਪਰ ਚਾਤਰ ਲਿਖਾਰੀ ਨੇ ਅਜਿਹਾ ਲਿਖ ਕੇ ਆਪਣੀ ਵਿਉਂਤ ਦਾ ਉਹ ਰਾਹ ਖੋਲ੍ਹ ਦਿੱਤਾ ਸੀ ਜਿਸ ਰਾਹੀਂ ਲੰਘ ਕੇ ਸਿੱਖਾਂ ਨੇ ਇਸ ਫੈਸਲੇ 'ਤੇ ਪੁੱਜ ਜਾਣਾ ਸੀ, ਕਿ ਦਸਮੇਸ਼ ਜੀ ਨੇ ਪੰਜਾਂ ਪਿਆਰਿਆਂ ਨੂੰ ਆਪਣਾ ਗੁਰੂ ਮੰਨ ਲਿਆ ਸੀ। .... ਸਿੱਖ ਨੂੰ ਹੰਕਾਰੀ ਬਣਾ ਦੇਸ਼ ਲਈ ਬੀਜੇ ਜਾ ਰਹੇ ਬੀਜਾਂ ਵਿਚ ਇਹ ਖਤਰਨਾਕ ਬੀਜ ਵੀ ਬੜੀ ਸਫਲਤਾ ਨਾਲ ਬੀਜਿਆ ਗਿਆ। (ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ, ਭਾਗ ੫, ਪੰਨਾ, ੨੮੫,੨੯੨,੨੯੫)

ਵਾਹਿਗੁਰੂ ਜੀ ਕਾ ਖਾਲਸਾ : ਸਾਰੀ ਸ੍ਰਿਸ਼ਟੀ ਕੇ ਕਣ ਕਣ ਵਿਚ ਸਮਾਏ ਹੋਏ, ਸਾਰੇ ਸੰਸਾਰ ਨੂੰ ਆਪਣੇ ਆਪ ਵਿਚ ਲੱਖੀ ਬੈਠੇ, ਉਸ ਨਾਥ ਨੂੰ ਇਹ ਕਹਿਣਾ ਕਿ "ਖਾਲਸਾ ਵੀ ਤੇਰਾ ਹੈ" ਬੇਅਰਥ ਗੱਲ ਲੱਗਦੀ ਹੈ। (ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ, ਭਾਗ ੫, ਪੰਨਾ ੧੭੮)

*'ਸਵਾ ਲਾਖ ਸੇ ਏਕ ਲੜਾਊ ਤਬੈ ਗੋਬਿੰਦ ਸਿੰਘ ਨਾਮ ਕਹਾਊ॥'* ਚਮਕੌਰ ਦੀ ਜੰਗ ਸਮੇਂ ਦਸਮੇਸ਼ ਜੀ ਦੇ ਨਾਲ ਦੋ ਸਾਹਿਬਜ਼ਾਦੇ ਅਤੇ ੪੦ ਸਿੰਘ ਵੀ ਸਨ ਅਤੇ ਵੈਰੀਆਂ ਦੀ ਫ਼ੌਜ ਕੇਵਲ ੧੦ ਲੱਖ ਸੀ ਦਸ ਲੱਖ ਲਈ ਤਾਂ ਅੱਠ ਸਿੰਘ ਹੀ ਕਾਫੀ ਸਨ। ਪਰ ਸ਼ਾਮ ਤਾਈਂ ਦੋਹਾਂ ਸਾਹਿਬਜ਼ਾਦਿਆ ਸਮੇਤ ਤੀਹਾਂ ਤੋਂ ਵੱਧ ਸਿੰਘ ਸ਼ਹੀਦ ਚੁੱਕੇ ਸਨ, ਵੈਰੀਆਂ ਦੇ ਘੇਰੇ ਕੀ ਕਰੜਾਈ ਵਿਚ ਐਵੇਂ ਨਾਮ ਮਾਤਰ ਫ਼ਰਕ ਭਾਵੇਂ ਆਇਆ ਹੋਵੇ ?... ਦੁਖਦਾਈ ਭਾਣਾ ਇਹ ਵਰਤ ਰਿਹਾ ਹੈ ਕਿ ਸੰਤਾਂ ਮਹਾਂ ਪੁਰਖਾਂ ਨੇ ਵੀ ਲੜਾਊਂਦੇ ਅਰਥ ਮਰਵਾਉ ਹੀ ਮੰਨ ਲਏ ਸਨ। (ਬਿਪਰਨ ਕੀ ਰੀਤ ਤੋ ਸੱਚ ਦਾ ਮਾਰਗ, ਭਾਗ ੫, ਪੰਨਾ ੨੧੩)

(੬) ਸਿੱਖ ਸਿਧਾਤ ਦੀ ਖੰਡਨਾ ਵਿਚ ਜੋ ਵੀ ਪੁਸਤਕ ਛਪੇ ਉਸ ਦੇ ਲਿਖਾਰੀ ਨੂੰ ਤੁਰੰਤ ਹੀ ਸ੍ਰੀ ਅਕਾਲ ਤਖਤ 'ਤੇ ਬੁਲਾ ਕੇ ਯੋਗ ਡੰਨ ਲਾਉਣ ਦੇ ਨਾਲ ਲਿਖਾਰੀ ਨੂੰ ਕਿਹਾ ਜਾਵੇ ਕਿ ਉਹ ਆਪ ਹੀ ਪੁਸਤਕ ਦੀ ਵਿਕਰੀ ਰੋਕ ਦੇਵੇ, ਨਹੀਂ ਤਾਂ ਉਸ ਨੂੰ ਪੰਥ ਦਾ ਅੰਗ ਨਾ ਸਮਝਿਆ ਜਾਵੇ। (ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ, ਭਾਗ ੫, ਪੰਨਾ ੩੨੬)

(Social and Panthik watchdog Group)

## ਸਤਿਗੁਰੂ ਜੀ ਅੱਗੇ ਜੋਦੜੀ

*ਜਿਵੇਂ ਕਿ ਪਿਛਲੇ ਮਹੀਨੇ ਦੇ ਅੰਕ ਵਿਚ ਅਖੰਡ ਕੀਰਤਨੀ ਜੱਥੇ ਵਿਚ ਪੈਦਾ ਹੋਏ ਵਿਵਾਦਾਂ ਦੇ ਸੁਲਝਾ ਲਈ ਜੱਥੇ ਦੀਆਂ ਸਮੂਹ ਹਿਤੈਸ਼ੀ ਸੰਗਤਾਂ ਨੂੰ 30 ਅਗਸਤ ਨੂੰ ਦੁਪਹਿਰੇ ੨ ਵਜੇ ਪੰਜ ਪੰਜ ਚੌਪਈ ਸਾਹਿਬ ਦੇ ਪਾਠ ਕਰਕੇ ਸਤਿਗੁਰੂ ਜੀ ਅੱਗੇ, ਆਪਣੀਆਂ ਭੁੱਲਾਂ ਬਖਸ਼ਾ ਕੇ ਮੁੜ ਕੇ ਨਾਮ ਰੰਗਾਂ ਦੇ ਪ੍ਰੇਮ ਅਖਾੜੇ ਬਖਸ਼ਣ ਲਈ ਅਰਦਾਸ ਕਰਨ ਦੀ ਬੇਨਤੀ ਕੀਤੀ ਗਈ ਸੀ ਉਸੇ ਲੜੀ ਵਿਚ ਹੁਣ ਤੀਸਰਾ ਅਰਦਾਸ ਦ੍ਵਿਵਸ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਦਿਵਸ ਵਾਲੇ ਦਿਨ 11 ਸਤੰਬਰ ਨੂੰ ਮਿੱਥਿਆ ਗਿਆ ਹੈ। ਸੋ ਸਮੂਹ ਸੰਗਤਾਂ ਪ੍ਰਤੀ ਬਿਨੈ ਹੈ ਕਿ ਆਪਣੇ ਹੋਰ ਸੱਜਣਾਂ ਮਿਤਰਾਂ ਜਿਨ੍ਹਾਂ ਨੂੰ ਨਾ ਪਤਾ ਹੋਵੇ ਸੁਨੇਹਾ ਪਹੁੰਚਾ ਕੇ 11 ਸਤੰਬਰ ਨੂੰ ਦੁਪਹਿਰੇ ੨ ਵਜੇ ਜਾਂ ਕਿਸੇ ਵੇ-ਲੇ ਵੀ ਸੁਖਮਨੀ ਸਾਹਿਬ ਦੇ ਜਾਪ ਕਰਕੇ ਅਰਦਾਸ ਦਿਵਸ ਵਜੋਂ ਮਨਾਓ ਤਾਂ ਕਿ ਸਤਿਗੁਰੂ ਜੀ ਦੀ ਕ੍ਰਿਪਾ ਦੁਆਰਾ ਮੁੜ ਕੇ ਪੁਰਾਣੇ ਕੀਰਤਨ ਅਖਾੜਿਆਂ ਵਰਗੇ ਰੰਗ ਮਾਣ ਸਕੀਏ।* ਦਾਸਰੇ:- ਸੂਰਾ ਪਰਿਵਾਰ



www.AKJ.Org

# ਆਉਣ ਵਾਲੇ ਕੀਰਤਨ ਸਮਾਗਮ

## ਗੁ: ਅੰਬ ਸਾਹਿਬ ਐਸ. ਏ. ਐਸ. ਨਗਰ (ਮੋਹਾਲੀ) ਵਿਖੇ

### ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦਾ ਕੇਂਦਰੀ ਅਖੰਡ ਕੀਰਤਨ ਸਮਾਗਮ

ਗੁਰੂ ਹਰਿਰਾਏ ਸਾਹਿਬ ਜੀ ਦੀ ਪਾਵਨ ਚਰਨ ਛੋਹ ਪ੍ਰਾਪਤ ਇਤਿਹਾਸਿਕ ਅਸਥਾਨ ਗੁ: ਅੰਬ ਸਾਹਿਬ ਫੇਜ਼ 8 ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵਿਖੇ ਹੇਠ ਲਿਖੇ ਅਨੁਸਾਰ ਕੀਰਤਨ ਸਮਾਗਮ ਰਚਾਏ ਜਾ ਰਹੇ ਹਨ। ਸਮੇਂ ਸਿਰ ਹਾਜ਼ਰੀਆ ਭਰ ਕੇ ਹਰਿ ਜਸ ਦੇ ਲਾਹੇ ਪ੍ਰਾਪਤ ਕਰੋ। :-

30-8-2000 ਅਖੰਡ ਕੀਰਤਨ ਸਵੇਰ ਤੋਂ ਰਾਤ ਤੱਕ ਲਗਾਤਾਰ ਦਿਵਸ ਸੁਹੇਲਾ ਗੁ: ਅੰਬ ਸਾਹਿਬ ਵਿਖੇ।

31-8-2000 ਸ਼ਾਮ 7 ਤੋਂ 9 ਸੋਦਰ ਅਤੇ ਕੀਰਤਨ ਗੁ: ਸਾਚਾ ਧਨ ਫੇਜ਼ 3-ਬੀ-1 ਮੋਹਾਲੀ ਵਿਖੇ।

1-9-2000 ਸ਼ਾਮ ਸੋਦਰ ਅਤੇ ਕੀਰਤਨ 7 ਤੋਂ 9 ਗੁ: ਸਿੰਘ ਸਭਾ ਫੇਜ਼ 1 ਮੋਹਾਲੀ ਵਿਖੇ।

2-9-2000 ਸਵੇਰੇ 5 ਵਜੇ ਤੋਂ ਬਾਅਦ ਦੁਪਹਿਰ ਤੱਕ ਸ੍ਰੀ ਆਸਾ ਦੀ ਵਾਰ ਅਤੇ ਕੀਰਤਨ ਗੁ: ਅੰਬ ਸਾਹਿਬ ਵਿਖੇ

2-9-2000 ਸ਼ਾਮ 7 ਵਜੇ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਗੁ: ਅੰਬ ਸਾਹਿਬ ਵਿਖੇ।

ਅੰਮ੍ਰਿਤ ਸੰਚਾਰ :- 2 ਸਤੰਬਰ ਸ਼ਾਮ 8 ਵਜੇ ਆਰੰਭ ਅੰਮ੍ਰਿਤ ਸੰਚਾਰ ਸਮਾਗਮ ਗੁ: ਅੰਬ ਸਾਹਿਬ ਵਿਖੇ ਹੀ।

ਪੁੱਛ ਗਿੱਛ :- ਟੈਲੀਫੋਨ ਨੰ: 0172-224040 ਅਤੇ 0172-253750

ਦਾਸਰੇ :- ਸਮੂਹ ਸੰਗਤ ਅਤੇ ਅਖੰਡ ਕੀਰਤਨੀ ਜੱਥਾ ਚੰਡੀਗੜ੍ਹ, ਮੋਹਾਲੀ ਖਰੜ।

## ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦਾ ਸਾਲਾਨਾ ਕੀਰਤਨ ਸਮਾਗਮ ਬਟਾਲਾ ਵਿਖੇ।

ਬਟਾਲਾ ਵਿਖੇ ਗੁਰੂ ਨਾਨਕ ਸਾਹਿਬ ਦੇ ਵਿਆਹ ਪੁਰਬ ਤੇ ਗੁਰੂ ਨਾਨਕ ਦੇਵ ਅਕੈਡਮੀ ਜਲੰਧਰ ਰੋਡ ਬਟਾਲਾ ਵਿਖੇ 3 ਸਤੰਬਰ ਐਤਵਾਰ ਸਵੇਰੇ ਕੀਰਤਨ ਆਸਾ ਦੀ ਵਾਰ ਉਪਰੰਤ ਆਰੰਭ ਸ੍ਰੀ ਅਖੰਡ ਪਾਠ ਸਾਹਿਬ। 5 ਸਤੰਬਰ ਮੰਗਲਵਾਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਦੁਪਹਿਰ ਤੱਕ। ਸ਼ਾਮ ਸੋਦਰ ਉਪਰੰਤ ਆਰੰਭ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ। ਪੁਛਗਿਛ : ਭਾਈ ਸੋਹਨ ਸਿੰਘ ਜੀ ਟੈਲੀ: 01871 58249, ਭਾਈ ਸੁਖਰਾਜ ਸਿੰਘ ਜੀ ਟੈਲੀ: 01871-25341, ਭਾਈ ਗੋਪਾਲ ਸਿੰਘ ਜੀ ਟੈਲੀ : 01871 20000

## ਮਾਸਿਕ ਰੈਣਿ ਸਬਾਈ ਕੀਰਤਨ ਨਾਰੰਗਵਾਲ (ਲੁਧਿਆਣਾ) ਵਿਖੇ 9 ਸਤੰਬਰ ਰਾਤ ਨੂੰ

ਭਾਈ ਨਾਰਾਇਣ ਸਿੰਘ ਜੀ ਦੀ ਯਾਦ ਵਿਚ ਗੁ: ਅਕਾਲੀ ਵਾਲਾ ਵਿਖੇ 9 ਸਤੰਬਰ ਰਾਤ ਨੂੰ ਅਖਾੜੇ ਸਜਣਗੇ।

## ਤਰਸਿੱਕਾ (ਅੰਮ੍ਰਿਤਸਰ) ਵਿਖੇ ਰੈਣਿ ਸਬਾਈ ਕੀਰਤਨ

ਭਗਤਾ ਦਾ ਡੇਰਾ, ਤਰਸਿੱਕਾ (ਅੰਮ੍ਰਿਤਸਰ) ਵਿਖੇ 9 ਸਤੰਬਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

## ਪਿੰਡ ਸੈਦੋ ਲਹਿਲ (ਨਜ਼ਦੀਕ ਖੁਜਾਲਾ) ਜ਼ਿਲਾ ਅੰਮ੍ਰਿਤਸਰ ਵਿਖੇ ਰੈਣਿ ਸਬਾਈ ਕੀਰਤਨ

ਸੈਦੋ ਲਹਿਲ ਦੇ ਗੁ: ਸਾਹਿਬ ਵਿਖੇ 16 ਸਤੰਬਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

## ਗੁਰਦੁਆਰਾ ਪਾਤਸ਼ਾਹੀ ਛੇਵੀਂ ਬਸਤੀ ਸ਼ੇਖ ਜਲੰਧਰ ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਉਤਸਵ ਪੁਰਬ ਦੇ ਸਬੰਧ ਵਿਚ 16 ਸਤੰਬਰ ਰਾਤ ਗੁਰਦੁਆਰਾ ਬਸਤੀ ਸ਼ੇਖ ਵਿਖੇ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ। ਆਇ ਦੀਦਾਰ ਬਖਸ਼ੋ ਜੀ। ਪੁਛਗਿਛ :- 0181 253575

## ਪਿੰਡ ਮੂਸਾਪੁਰ (ਨੇੜੇ ਬੰਗਾ) ਵਿਖੇ ਰੈਣਿ ਸਬਾਈ ਕੀਰਤਨ

ਗੁ: ਸਾਹਿਬ ਪਿੰਡ ਮੂਸਾਪੁਰ ਵਿਖੇ 23 ਸਤੰਬਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ। ਪਿੰਡ ਮੂਸਾਪੁਰ ਬੰਗਾ-ਨਵਾਂਸ਼ਹਿਰ ਸੜਕ ਤੇ ਪਿੰਡ ਕਾਹਮੇ ਤੋਂ ਤਿੰਨ ਕਿ: ਮੀ: ਦੂਰੀ ਤੇ ਸਥਿਤ ਹੈ। ਟੈਲੀਫੋਨ ਨੰ: 01823-55607

## ਕਾਨਪੁਰ ਦੇ ਸ਼ਹੀਦਾਂ ਦੀ ਯਾਦ ਵਿਚ ਸਾਲਾਨਾ ਰੈਣਿ ਸਬਾਈ ਕੀਰਤਨ ਲੁਧਿਆਣਾ ਵਿਖੇ

ਗੁ: ਦੁਖ ਨਿਵਾਰਨ ਸਾਹਿਬ ਨੇੜੇ ਜਗਰਾਉਂ ਪੁਲ ਲੁਧਿਆਣਾ ਵਿਖੇ 23 ਸਤੰਬਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ

## ਗੁ: ਪੰਜੋਖਰਾ ਸਾਹਿਬ (ਅੰਬਾਲਾ ਸ਼ਹਿਰ) ਵਿਖੇ ਦਿਵਸ ਸੁਹੇਲਾ ਤੇ ਰੈਣਿ ਸਬਾਈ ਕੀਰਤਨ

ਭਾਈ ਆਤਮਾ ਸਿੰਘ ਜੀ ਦੀ ਮਿੱਠੀ ਯਾਦ ਵਿਚ ਗੁ: ਪੰਜੋਖਰਾ ਸਾਹਿਬ ਵਿਖੇ 23 ਸਤੰਬਰ ਸ਼ਨੀਵਾਰ ਸਵੇਰ ਤੋਂ ਦੁਪਹਿਰ ਤੱਕ ਅਤੇ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

## ਗੋਨਿਆਣਾ ਮੰਡੀ (ਬਠਿੰਡਾ) ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ

ਗੁ: ਭਾਈ ਸੁਹੇਲ ਸਿੰਘ ਨਵੀਂ ਬਸਤੀ ਗੋਨਿਆਣਾ ਮੰਡੀ ਵਿਖੇ 23 ਸਤੰਬਰ ਰਾਤ ਨੂੰ ਕੀਰਤਨ ਅਖਾੜੇ ਸਜਣਗੇ।

(ਬਾਕੀ ਦੇ ਪ੍ਰੋਗਰਾਮ ਟਾਈਟਲ ਦੇ ਮੁੱਖ ਪੰਨੇ ਦੇ ਪਿਛਲੇ ਪਾਸੇ ਦੇਖੋ)

www.AKJ.Org

R.N.I. No. 12245/66 SURA-SEP.,-2000 P.O. Regd. No. PB/ 0195/2000

## ਗੁਰਦੁਆਰਾ ਕੰਧ ਸਾਹਿਬ, ਬਟਾਲਾ



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਦੀ ਯਾਦਗਾਰ/ਜਦ ਗੁਰੂ ਸਾਹਿਬ ਬਟਾਲੇ ਵਿਆਹੁਣ ਆਏ ਸਨ ਤਾਂ ਉਹਨਾਂ ਨੂੰ ਜਰਜਰੀ ਕੱਚੀ ਕੰਧ ਹੇਠ ਬੈਠਾਇਆ ਗਿਆ ਜੋ ਕਿ ਗੁਰੂ ਸਾਹਿਬ ਦੀ ਮਿਹਰ ਸਦਕਾ ਅੱਜ ਵੀ ਇਸ ਗੁਰਦੁਆਰਾ ਸਾਹਿਬ ਅੰਦਰ ਕਾਇਮ ਹੈ।

**ਬਾਬੇ ਦੇ ਵਿਆਹ ਪੁਰਬ ਸਬੰਧੀ ਗੁਰੂ ਨਾਨਕ ਦੇਵ ਅਕੈਡਮੀ, ਬਟਾਲਾ ਵਿਖੇ 3 ਤੋਂ 6 ਸਤੰਬਰ ਤੱਕ ਕੇਂਦਰੀ ਅਖੰਡ ਕੀਰਤਨ ਸਮਾਗਮ ਰਚਾਏ ਜਾ ਰਹੇ ਹਨ। ਵੇਰਵਾ ਅੰਦਰ ਦੇਖੋ।**

ਗੁ: ਮਾਤਾ ਸੁੰਦਰੀ ਨੇੜੇ ਗੁ: ਘੱਲੂਘਾਰਾਂ ਕਾਹਨੂੰਵਾਲ ਵਿਖੇ
ਰੈਣ ਸਬਾਈ ਕੀਰਤਨ ਅਤੇ ਅਮ੍ਰਿਤ ਸੰਚਾਰ
ਪੁੱਛਗਿੱਛ 01874-32001, 32433

SURA (Monthly) Kothi No. 12, Block-1. BHAI RANDHIR SINGH NAGAR, LUDHIANA-141 004

www.AKJ.Org